

ਹੱਸਦੀ ਦੁਨੀਆ
₹15/-
Hansti Duniya (Punjabi)
• Vol. 43 • No. 12
• December 2019

ਸਭ ਤੋਂ ਪਹਿਲਾਂ

## ਪ੍ਰੇਮ ਦੀ ਸਿਖਿਆ

4




# ਹੰਸਤੀ ਦੁਨੀਆ

• Vol.43 • ਅੰਕ : 12 • ਦਸੰਬਰ 2019 • Pages : 52


(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher C.L. Gulati, on behalf of Sant Nirankari Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009








*Editor (Honorary)*

Sulekh Singh 'Sathi'

**Email:** editorial@nirankari.org

**Ph.:** 011-47660200

**Fax:** 011-27608215

**Website:** http//www.nirankari.org
kids.nirankari.org


## Subscription Value

| Country | 1 Year | 3 Years | 5 Years | 11 Years |
|---|---|---|---|---|
| India/Nepal | ₹ 150 | ₹ 400 | ₹ 700 | ₹ 1500 |
| U.K. | £15 | £40 | £70 | £150 |
| Europe | €20 | €55 | €95 | €200 |
| USA | $25 | $70 | $120 | $250 |
| Canada/ Australia | $30 | $85 | $140 | $300 |

Other Countries
Equivalent to U.S. Dollars as mentioned above.

## ਸਤੰਭ


ਸਭ ਤੋਂ ਪਹਿਲਾਂ 04
ਵਿਗਿਆਨ ਪ੍ਰਸ਼ਨੋਤਰੀ 10
ਹਾਸਾ-ਖੇਡਾ 16
ਸਾਧਾਰਣ ਗਿਆਨ ਪ੍ਰਸ਼ਨੋਤਰੀ 19
ਕੀ ਤੁਸੀ ਜਾਣਦੇ ਹੋ? 27
ਰੰਗ ਭਰੋ ਪ੍ਰਤੀਯੋਗਿਤਾ 38
ਕਦੇ ਨਾ ਭੁੱਲੋ 42
ਬੁੱਧੀ ਦੀ ਪਰਖ 50




## ਚਿੱਤਰਕਥਾਵਾਂ


ਕਿੱਟੀ 20
ਦਾਦਾ ਜੀ 46



















## ਕਹਾਣੀਆਂ


ਹੁਣ ਬੋਲੋ
- ਡਾ. ਦਰਸ਼ਨ ਸਿੰਘ 'ਆਸ਼ਟ' 06

ਇਕ ਤੀਰ ਨਾਲ ਦੋ ਸ਼ਿਕਾਰ
- ਪ੍ਰਿੰਸ ਖੁਰਾਨਾ 12

ਆਪਣਾ-ਆਪਣਾ ਸੁਭਾਅ
- ਪੀ. ਸਿੰਘ ਢਿੱਲੋਂ 18

ਪਛਤਾਵਾ
- ਵਿਪਿਨ ਕੁਮਾਰ 24

ਸੱਚੀ ਮਿੱਤਰਤਾ
- ਹਰਜਿੰਦਰ ਕੌਰ 28

ਨਵਾਂ ਸਵੇਰਾ
- ਪ੍ਰਮੀਲਾ ਗੁਪਤਾ 32

ਗਲਹਿਰੀ ਅਤੇ ਚੂਹਾ
- ਏ. ਪੀ. ਸਿੰਘ 40


## ਵਿਸ਼ੇਸ਼ ਲੇਖ


ਗੋਲਡਨ ਗਰਲ, ਪੀ.ਵੀ.ਸਿੰਧੂ
- ਜਗਤਾਰ ਚਮਨ 15

ਗਜ਼ਬ ਦੀਆਂ ਮੱਕੜੀਆਂ
- ਕਿਰਣ ਬਾਲਾ 26

ਸਿੱਖਣ ਦੀ ਉਮਰ
- ਦਿਨੇਸ਼ ਦਰਪਣ 35

ਈਸਾ ਮਸੀਹ
- ਸੀ.ਐਲ.ਗੁਲਾਟੀ 36

ਅਲਬੇਲਾ ਪੰਛੀ : ਕੀਵੀ
- ਜੀਇੰਦਰ ਸਿੰਘ 39

ਇਕ ਰੋਚਕ ਸਮੁੰਦਰੀ ਜੀਵ : ਬਿੱਲੀ ਮੱਛੀ
- ਡਾ. ਪਰਸ਼ੂਰਾਮ 44


## ਗੀਤ-ਕਵਿਤਾਵਾਂ


ਬਾਲ ਪਿਆਰੇ
- ਪ੍ਰਿਤਪਾਲ ਸਾਦਿਕ 05

ਜੀਵਨ ਹੀ ਜਿਸ ਦਾ ਹੈ ਪਾਣੀ
- ਅਮਨਪ੍ਰੀਤ ਸਿੰਘ 11

ਬੁਝਾਰਤਾਂ
- ਪੰਕਜ ਕੁਮਾਰ ਨਿਰੰਕਾਰੀ 31

ਮੇਰਾ ਸਾਈਕਲ
- ਸੁੰਦਰਪਾਲ 'ਪ੍ਰੇਮੀ' 34

ਵੇਖੋ ਤਿਤਲੀ ਉਡਦੀ ਜਾਏ
- ਬਲਵਿੰਦਰ 'ਬਾਲਮ' 43

**ਸਭ ਤੋਂ ਪਹਿਲਾਂ**

# ਪ੍ਰੇਮ ਦੀ ਸਿਖਿਆ



ਪਿਆਰੇ ਬੱਚਿਓ ! ਦਸੰਬਰ ਦਾ ਮਹੀਨਾ ਆ ਗਿਆ ਹੈ, ਸਾਲ 2019 ਦਾ ਇਹ ਆਖਰੀ ਮਹੀਨਾ ਹੈ। ਇਸ ਤੋਂ ਬਾਦ ਨਵੇਂ ਸਾਲ ਦਾ ਆਰੰਭ ਹੋ ਜਾਏਗਾ। ਅਪਨੇ-ਅਪਨੇ ਦਿਲਾਂ ਵਿਚ ਨਵੀਆਂ-ਨਵੀਆਂ ਉਮੰਗਾਂ ਲੈ ਕੇ ਨਵੇਂ ਸਾਲ ਵਿਚ ਦਾਖਿਲ ਹੋਣ ਲਈ ਹੁਣ ਤੋਂ ਹੀ ਤਿਆਰੀਆਂ ਆਰੰਭ ਕਰ ਲਓ। ਦਸੰਬਰ ਵਿਚ ਕਿਉਂਕਿ ਸਰਦੀ ਵੀ ਬਹੁਤ ਹੋ ਜਾਂਦੀ ਹੈ, ਇਸਲਈ ਧਿਆਨ ਰੱਖਣਾ ਜ਼ਰੂਰੀ ਹੈ ਕਿ ਲੋੜੀਂਦੇ ਗਰਮ ਕਪੜੇ ਪਾਏ ਬਗੈਰ ਬਾਹਰ ਨਹੀਂ ਨਿਕਲਣਾ। ਇਸ ਗੱਲ ਦਾ ਧਿਆਨ ਰੱਖਣਾ ਇਸਲਈ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਦਸੰਬਰ ਵਿਚ ਵੱਡੇ ਦਿਨਾਂ ਦੀਆਂ ਛੁੱਟੀਆਂ ਵੀ ਹੁੰਦੀਆਂ ਹਨ ਅਤੇ ਅਕਸਰ ਛੁੱਟੀਆਂ ਕਾਰਣ ਬੱਚੇ ਬੇਪ੍ਰਵਾਹ ਹੋ ਜਾਂਦੇ ਹਨ। ਜਿਸਦੇ ਨਤੀਜੇ ਕਈ ਵਾਰ ਮਾਪਿਆਂ ਲਈ ਮੁਸ਼ਕਿਲ ਭਰੇ ਹੋ ਜਾਂਦੇ ਹਨ। ਇਸਲਈ ਗਰਮ ਕਪੜਿਆਂ ਦਾ ਧਿਆਨ ਕਰਨਾ ਹੈ।

ਹਾਂ ਬੱਚਿਓ, ਦਸੰਬਰ ਵਿਚ ਇਕ ਬਹੁਤ ਹੀ ਪਾਵਨ ਤਿਉਹਾਰ ਵੀ ਆਉਂਦਾ ਹੈ ਜਿਸ ਨੂੰ ਕ੍ਰਿਸਮਿਸ ਦਾ ਤਿਉਹਾਰ ਕਹਿੰਦੇ ਹਾਂ। ਭਗਵਾਨ ਈਸ਼ੂ ਮਸੀਹ ਜੀ ਦੀ ਯਾਦ ਵਿਚ ਸਾਰੇ ਨਤਮਸਤਕ ਹੁੰਦੇ ਹਨ ਅਤੇ ਉਨ੍ਹਾਂ ਦੀਆਂ ਸਿਖਿਆਵਾਂ ਨੂੰ ਦੁਹਰਾਇਆ ਜਾਂਦਾ ਹੈ; ਪ੍ਰੇਰਣਾ ਲੈ ਕੇ ਅਪਣੇ ਜੀਵਨ ਨੂੰ ਸੰਵਾਰਨ ਦੀ ਲੋੜ ਹੁੰਦੀ ਹੈ, ਈਸ਼ੂ ਮਸੀਹ ਜੀ ਨੇ ਸੰਸਾਰ ਭਰ ਨੂੰ ਪ੍ਰੇਮ ਦੀ ਸਿਖਿਆ ਦਿੱਤੀ, ਪਿਆਰ ਨਾਲ ਰਹਿਣ ਦੀ ਪ੍ਰੇਰਣਾ ਦਿੱਤੀ, ਇਥੋਂ ਤਕ ਕਿ ਉਨ੍ਹਾਂ ਪ੍ਰੇਮ ਨੂੰ ਹੀ ਪ੍ਰਮਾਤਮਾ ਦਾ ਦਰਜ਼ਾ ਦਿੱਤਾ। ਉਨ੍ਹਾਂ ਕਿਹਾ ਕਿ ;ਰਡਕ ਜਤ ਭਰਦ ਅਦ ਭਰਦ ਜਤ ;ਰਡਕ ਭਾਵ ਪ੍ਰੇਮ ਹੀ ਪ੍ਰਮਾਤਮਾ ਹੈ ਅਤੇ ਪ੍ਰਮਾਤਮਾ ਪ੍ਰੇਮ ਹੈ। ਅਸੀਂ ਸਾਰੇ ਰੱਬ ਦੇ ਹੀ ਬਣਾਏ ਹੋਏ ਬੰਦੇ ਹਾਂ, ਇਸਲਈ ਅਸੀਂ ਸਭ ਨੇ ਇਕ-ਦੂਜੇ ਅੰਦਰ ਪ੍ਰਮਾਤਮਾ ਦਾ ਅਕਸ਼ ਵੇਖ ਕੇ ਸਾਰਿਆਂ ਨਾਲ ਪਿਆਰ ਕਰਨਾ ਹੈ, ਅਪਣੇ ਸਹਿਪਾਠੀਆਂ ਨਾਲ ਪ੍ਰੇਮ ਕਰਨਾ ਹੈ।

ਈਸ਼ੂ ਮਸੀਹ ਜੀ ਨੇ ਜਿਥੇ ਪ੍ਰੇਮ ਨਾਲ ਰਹਿਣਾ ਸਿਖਾਇਆ, ਉਥੇ ਖ਼ਿਮਾ ਦਾ ਗੁਣ ਅਪਨਾਉਣ ਦੀ ਵੀ ਸਿਖਿਆ ਦਿੱਤੀ। ਸਿਰਫ ਸ਼ਬਦਾਂ ਰਾਹੀਂ ਹੀ ਨਹੀਂ; ਅਪਣੇ ਕਰਮ ਰਾਹੀਂ ਵੀ। ਅੰਤਿਮ ਸਮੇਂ ਜਦੋਂ ਰਾਹੋਂ ਭੁੱਲੇ ਕੁਝ ਲੋਕਾਂ ਕਾਰਣ ਉਨ੍ਹਾਂ ਨੂੰ ਸੂਲੀ ਤੇ ਚੜ੍ਹਾਇਆ ਜਾਣ ਲੱਗਾ ਤਾਂ ਵੀ ਉਨ੍ਹਾਂ ਪ੍ਰਭੂ ਅੱਗੇ ਇਹੀ ਪ੍ਰਾਥਨਾ ਕੀਤੀ ਕਿ ਹੇ ਪ੍ਰਭੂ, ਇਨ੍ਹਾਂ ਨੂੰ ਮੁਆਫ ਕਰ ਦੇਣਾ; ਇਹ ਨਹੀਂ ਜਾਣਦੇ ਕਿ ਇਹ ਕੀ ਕਰ ਰਹੇ ਹਨ।

ਅਜਿਹਾ ਮਹਾਨ ਅਤੇ ਪਵਿੱਤਰ ਜੀਵਨ ਸੀ ਉਨ੍ਹਾਂ ਦਾ। ਅਸੀਂ ਵੀ ਪ੍ਰਣ ਕਰੀਏ ਕਿ ਸਾਰਿਆਂ ਨਾਲ, ਖਾਸਕਰ ਅਪਣੇ ਪਰਿਵਾਰ ਨਾਲ ਅਤੇ ਸਹਿਪਾਠੀਆਂ ਨਾਲ ਪ੍ਰੇਮ ਨਾਲ ਰਹਾਂਗੇ; ਪ੍ਰੇਮਪੂਰਵਕ ਵਿਵਹਾਰ ਕਰਾਂਗੇ ਅਤੇ ਕਿਸੇ ਵੀ ਅਵਸਥਾ ਵਿਚ; ਭਾਵੇਂ ਉਹ ਅਨੁਕੂਲ ਹੋਵੇ ਜਾਂ ਪ੍ਰਤੀਕੂਲ, ਖਿਮਾਸ਼ੀਲਤਾ ਦਾ ਗੁਣ ਅਪਨਾ ਕੇ ਰੱਖਾਂਗੇ। ਇਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜ਼ਲੀ ਹੋਵੇਗੀ।

ਸੁਲੇਖ 'ਸਾਥੀ'
ssathi_2007@yahoo.com

ਪ੍ਰਿਤਪਾਲ ਸਾਦਿਕ

# ਬਾਲ ਪਿਆਰੇ

ਅਸੀਂ ਹਾਂ ਛੋਟੇ ਬਾਲ ਪਿਆਰੇ,
ਭਾਰਤ ਮਾਂ ਦੇ ਰਾਜ ਦੁਲਾਰੇ।

ਜਾਤ-ਧਰਮ ਲਈ ਅਸੀਂ ਨਹੀਂ ਲੜਦੇ,
ਮਨ ਲਗਾ ਕੇ ਅਸੀਂ ਹਾਂ ਪੜ੍ਹਦੇ।

ਅਸੀਂ ਹਾਂ ਇਕ ਮਾਲਾ ਦੇ ਮੋਤੀ,
ਵਿੱਦਿਆ ਸਾਡੇ ਗਿਆਨ ਦੀ ਜੋਤੀ।


ਉਚੀਆਂ ਮੰਜ਼ਿਲਾਂ ਤੇ ਅਸੀਂ ਪੁੱਜਣਾ,
ਅੰਬਰਾਂ ਉਤੇ ਅਸੀਂ ਹੈ ਉਡੱਣਾ।

ਦਿਆਵਾਨ ਤੇ ਮਿਹਨਤੀ ਬਣਨਾ,
ਕਿਸੇ ਨਾਲ ਅਸੀਂ ਵੈਰ ਨਹੀਂ ਕਰਨਾ।

ਅਸੀਂ ਵੱਡੇ-ਵੱਡੇ ਅਫ਼ਸਰ ਬਣਨਾ,
ਤਿਰੰਗੇ ਦਾ ਨਾਂ ਅਸੀਂ ਰੋਸ਼ਨ ਕਰਨਾ।

ਮਾਂ-ਬਾਪ ਦੀ ਅੱਖ ਦੇ ਤਾਰੇ,
ਚਾਅ ਕਰਾਂਗੇ ਅਸੀਂ ਪੂਰੇ ਸਾਰੇ।

ਨਸ਼ਿਆਂ ਦੇ ਕਦੇ ਰਾਹ ਨਹੀਂ ਪੈਣਾ,
''ਵਿੱਲੋਂ'' ਦਾ ਅਸੀਂ ਮੰਨਣਾ ਕਹਿਣਾ।





# ਹੁਣ ਬੋਲੋ

❑ ਡਾ: ਦਰਸ਼ਨ ਸਿੰਘ 'ਆਸ਼ਟ'

ਪੰਕਜ ਅਤੇ ਸਾਜਨ ਦੋਵੇਂ ਜੁੜਵਾਂ ਭਰਾ ਸਨ ਲੇਕਿਨ ਦੋਹਾਂ ਦੇ ਸੁਭਾਅ ਵਿੱਚ ਜ਼ਮੀਨ-ਅਸਮਾਨ ਦਾ ਫਰਕ ਸੀ। ਪੰਕਜ ਹਮੇਸ਼ਾਂ ਦੂਸਰਿਆਂ ਦੇ ਕੰਮ ਆ ਕੇ ਖੁਸ਼ੀ ਅਨੁਭਵ ਕਰਦਾ ਸੀ। ਕਦੇ ਗਆਂਢ ਵਿੱਚ ਕਿਸੇ ਬਜ਼ੁਰਗ ਵਿਅਕਤੀ ਨੂੰ ਕਿਸੇ ਚੀਜ਼ ਦੀ ਲੋੜ ਹੁੰਦੀ ਤਾਂ ਉਹ ਲਿਆ ਦਿੰਦਾ। ਜਦ ਕਿਸੇ ਦੇ ਘਰ ਦਾ ਕੋਈ ਮਹਿਮਾਨ ਆ ਕੇ ਉਸ ਤੋਂ ਆਪਣੇ ਰਿਸ਼ਤੇਦਾਰ ਦਾ ਘਰ ਪੁੱਛਦਾ ਤਾਂ ਪੰਕਜ ਖੁਦ ਉਹਨੂੰ ਉਸਦੇ ਰਿਸ਼ਤੇਦਾਰ ਦੇ ਘਰ ਛੱਡ ਕੇ ਆਉਂਦਾ ਸੀ। ਦੂਸਰੇ ਪਾਸੇ ਸਾਜਨ ਨੂੰ ਕਿਸੇ ਕੰਮ ਲਈ ਕਿਹਾ ਜਾਂਦਾ ਤਾਂ ਝਟ ਟਕੇ ਵਰਗਾ ਜਵਾਬ ਦਿੰਦਾ, ''ਮੈਂ ਕਿਸੇ ਦਾ ਨੌਕਰ ਨਹੀਂ ਹਾਂ।'' ਹੋਰ ਤਾਂ ਹੋਰ ਜਦ ਪੰਕਜ ਕਿਸੇ ਦੀ ਕੋਈ ਮਦਦ ਕਰ ਰਿਹਾ ਹੁੰਦਾ ਤਾਂ ਸਾਜਨ ਉਸ ਦਾ ਮਜ਼ਾਕ ਉਡਾਉਂਦਾ ਲੇਕਿਨ ਪੰਕਜ ਉਸ ਦੀ ਕੋਈ ਪਰਵਾਹ ਨਾ ਕਰਦਾ। ਜਦ ਕੋਈ ਵਿਅਕਤੀ ਕਿਸੇ ਦੂਸਰੇ ਤੋਂ ਦੋਹਾਂ ਭਰਾਵਾਂ ਦੇ ਬਿਲਕੁਲ ਉਲਟ ਸੁਭਾਅ ਦੀ ਗੱਲ ਕਰਦਾ ਤਾਂ ਜਵਾਬ ਮਿਲਦਾ, ''ਆਦਮੀ ਆਦਮੀ ਵਿੱਚ ਅੰਤਰ। ਕੋਈ ਹੀਰਾ ਕੋਈ ਪੱਥਰ।'' ਖੈਰ...।

ਇਕ ਦਿਨ ਜਦ ਦੁਪਹਿਰ ਦੇ ਬਾਦ ਸਕੂਲ ਤੋਂ ਛੁੱਟੀ ਹੋਈ ਤਾਂ ਸਾਰੇ ਵਿਦਿਆਰਥੀ ਆਪਣੇ-ਆਪਣੇ ਘਰਾਂ ਵੱਲ ਆਉਣ ਲੱਗੇ। ਪੰਕਜ ਵੀ ਸਾਜਨ ਨੂੰ ਸਾਈਕਲ ਦੇ ਪਿਛੇ ਬੈਠਾ ਕੇ ਘਰ ਆ ਰਿਹਾ ਸੀ। ਸਾਜਨ ਪੰਕਜ ਨਾਲ ਅੱਜ ਦੁਪਹਿਰ ਨੂੰ ਆਉਣ ਵਾਲੇ ਪਸੰਦੀਦਾ ਸੀਰੀਅਲ ਦੀਆਂ ਗੱਲਾਂ ਕਰ ਰਿਹਾ ਸੀ। ਸੜਕ ਤੇ ਕਾਫੀ ਆਵਾਜਾਈ ਸੀ। ਉਹਨਾਂ ਦੇ ਅਗੇ ਉਹਨਾਂ ਦੇ ਹੀ ਸਕੂਲ ਵਿੱਚ ਪੜਨ ਵਾਲੀ ਇਕ ਲੜਕੀ ਰੇਣੁਕਾ ਵੀ ਆਪਣੀ ਸਾਈਕਲ ਤੇ ਜਾ ਰਹੀ ਸੀ। ਤਦੇ ਅਚਾਨਕ ਕਿਸੇ ਵਾਹਨ ਦੇ ਜੋਰ ਨਾਲ ਟਕਰਾਉਣ ਦੀ ਆਵਾਜ਼ ਸੁਣਾਈ ਦਿੱਤੀ। ਉਲਟ ਦਿਸ਼ਾ ਤੋਂ ਆ ਰਹੇ ਦੋ ਲੜਕਿਆਂ ਨੇ ਆਪਣਾ ਸਕੂਟਰ ਰੇਣੁਕਾ ਦੀ ਸਾਈਕਲ ਵਿੱਚ ਦੇ ਮਾਰਿਆ ਸੀ। ਰੇਣੁਕਾ ਜ਼ੋਰ ਨਾਲ ਸੜਕ ਤੇ ਡਿਗ ਪਈ ਅਤੇ ਦਰਦ ਨਾਲ ਚਿਲਾ ਰਹੀ ਸੀ। ਬਜਾਏ ਇਸ ਦੇ ਕਿ ਉਹ ਲੜਕੇ ਰੇਣੁਕਾ ਨੂੰ ਉਠਾ ਕੇ ਉਸ ਦੀ ਕੋਈ ਮਦਦ ਕਰਦੇ, ਆਪਣਾ ਸਕੂਟਰ ਸਟਾਰਟ ਕਰਕੇ ਭੱਜ ਨਿਕਲੇ। ਪੰਕਜ ਨੇ ਸਾਰਾ ਮਾਜਰਾ ਆਪਣੀਆਂ ਅੱਖਾਂ ਨਾਲ ਵੇਖ ਲਿਆ ਸੀ। ਜਦ ਦੋਵੇਂ ਸਕੂਟਰ ਸਵਾਰ ਤੇਜ਼ੀ

ਨਾਲ ਪੰਕਜ ਦੇ ਕੋਲੋਂ ਨਿਕਲ ਰਹੇ ਸਨ ਤਾਂ ਪੰਕਜ ਨੇ ਆਪਣੀ ਜੇਬ ਵਿਚੋਂ ਪੈਨ ਕੱਢਿਆ ਅਤੇ ਕਾਗਜ ਤੇ ਸਕੂਟਰ ਦਾ ਨੰਬਰ ਨੋਟ ਕਰ ਲਿਆ।

ਪੰਕਜ ਨੇ ਜਲਦੀ ਨਾਲ ਡਿਗੀ ਹੋਈ ਰੇਣੁਕਾ ਨੂੰ ਸੰਭਾਲਿਆ। ਉਸ ਨੇ ਵੇਖਿਆ ਰੇਣੁਕਾ ਦੇ ਸਿਰ ਤੇ ਸੱਟ ਲੱਗੀ ਸੀ ਅਤੇ ਜਖਮ ਵਿਚੋਂ ਖ਼ੂਨ ਵਹਿ ਰਿਹਾ ਸੀ। ਉਹਨੂੰ ਤੁਰੰਤ ਹਸਪਤਾਲ ਲੈ ਜਾਣਾ ਬੇਹੱਦ ਜ਼ਰੂਰੀ ਸੀ। ਪੰਕਜ ਨੇ ਉਥੋਂ ਕਿਸੇ ਵਿਅਕਤੀ ਦੇ ਮੋਬਾਇਲ ਤੋਂ ਰੇਣੁਕਾ ਦੇ ਘਰ ਵਾਲਿਆਂ ਨੂੰ ਫੋਨ ਕਰ ਦਿੱਤਾ ਕਿ ਰੇਣੁਕਾ ਨੂੰ ਸਰਕਾਰੀ ਹਸਪਤਾਲ ਲੈ ਕੇ ਜਾ ਰਹੇ ਹਾਂ। ਸੜਕ ਤੇ ਲੋਕ ਤੇਜ਼ੀ ਨਾਲ ਆਪਣੀ-ਆਪਣੀ ਧੁਨ ਵਿੱਚ ਮਗਨ ਹੋਏ ਗੁਜਰਦੇ ਜਾ ਰਹੇ ਸਨ ਲੇਕਿਨ ਕਿਸੇ ਨੇ ਵੀ ਜ਼ਖਮੀ ਰੇਣੁਕਾ ਵੱਲ ਧਿਆਨ ਨਹੀਂ ਦਿਤਾ ਸੀ। ਹੁਣ ਪੰਕਜ ਹੀ ਉਹਨੂੰ ਸੰਭਾਲ ਰਿਹਾ ਸੀ। ਤਦ ਤਕ ਉਥੇ ਇਕ ਬਜ਼ੁਰਗ ਔਰਤ ਵੀ ਆ ਖੜੀ ਹੋਈ।

ਪੰਕਜ ਰੇਣੁਕਾ ਨੂੰ ਸਹਾਰਾ ਦਿੰਦਾ ਹੋਇਆ ਸਾਜਨ ਨੂੰ ਬੋਲਿਆ- 'ਸਾਜਨ, ਜਲਦੀ ਕਰੋ। ਇਹਨੂੰ ਹਸਪਤਾਲ ਲੈ ਕੇ ਚੱਲੀਏ ਵਰਨਾ ਖ਼ੂਨ ਹੋਰ ਵੀ ਜ਼ਿਆਦਾ ਵਹਿ ਜਾਏਗਾ। ਕਿਸੇ ਰਿਕਸ਼ੇ ਵਾਲੇ ਨੂੰ ਬੁਲਾ।'

ਰੇਣੁਕਾ ਨੂੰ ਹਸਪਤਾਲ ਲੈ ਜਾਣ ਦੀ ਗੱਲ ਸੁਣ ਕੇ ਜਿਵੇਂ ਸਾਜਨ ਦੇ ਮੂੰਹ ਦਾ ਸਵਾਦ ਕੌੜਾ ਹੋ ਗਿਆ। ਉਹਨੂੰ ਇੰਞ ਕਰਨਾ ਸਮਾਂ ਬਰਬਾਦ ਕਰਨ ਵਾਲੀ ਗੱਲ ਲਗੀ।

ਤੂੰ ਇਸ ਦੇ ਮੰਮੀ-ਪਾਪਾ ਨੂੰ ਫੋਨ ਤਾਂ ਕਰ ਹੀ ਦਿੱਤਾ ਹੈ। ਉਹ ਆ ਹੀ ਰਹੇ ਹੋਣਗੇ। ਉਹ ਇਹਨੂੰ ਖੁਦ ਹਸਪਤਾਲ ਲੈ ਜਾਣਗੇ।

ਪੰਕਜ ਨੇ ਕਿਹਾ - 'ਨਹੀਂ ਸਾਜਨ। ਐਨਾ ਸਮਾਂ ਨਹੀਂ। ਮੇਰੀ ਸੁਣ ਅਤੇ ਕੋਈ ਰਿਕਸ਼ਾ ਲੱਭ।'

ਸਾਜਨ ਨੇ ਪੰਕਜ ਨੂੰ ਸੰਕੇਤ ਕਰਕੇ ਆਪਣੇ ਕੋਲ ਬੁਲਾਇਆ ਅਤੇ ਹੌਲੀ ਜਿਹੇ ਬੋਲਿਆ - 'ਇਹਨੂੰ ਹਸਪਤਾਲ ਲੈ ਜਾਣ ਦੇ ਪੰਗੇ ਵਿੱਚ ਨਾ ਪੈ। ਉਲਟਾ ਪੁਲਿਸ ਕੇਸ ਦਰਜ ਕਰਕੇ ਤੈਨੂੰ ਹੀ ਫਸਾ ਦਏਗੀ। ਤੈਨੂੰ ਖਾਹਮਖਾਹ ਪੁੱਛਗਿੱਛ ਕਰੇਗੀ। ਗਵਾਹੀ ਦੇਣੀ ਪਏਗੀ।। ਇਹਨੂੰ ਰੁੱਖ ਦੇ ਹੇਠਾਂ ਬਿਠਾ ਦੇ। ਇਸ ਦੇ ਮੰਮੀ-ਪਾਪਾ ਆ ਹੀ ਰਹੇ ਹੋਣਗੇ।'

ਜਦ ਪੁਲਿਸ ਮੈਨੂੰ ਪੁੱਛਗਿਛ ਕਰੇਗੀ ਤਾਂ ਦੱਸ ਦੇਵਾਂਗਾ ਸਭ ਕੁਝ ਜੋ ਮੈਂ ਵੇਖਿਆ ਹੈ। ਇਹ ਸਭ ਕੁਝ ਤਾਂ ਬਾਦ ਵਿੱਚ ਵੇਖਿਆ ਜਾਏਗਾ ਪਹਿਲਾਂ......। ਉਹ ਬੋਲਿਆ।

ਸਾਜਨ ਫਿਰ ਟਾਲਮਟੋਲ ਕਰਨ ਲਗਾ। ਸਾਜਨ ਦੀ ਨੀਯਤ ਭਾਂਪ ਕੇ ਕੋਲ ਖੜੀ ਬਜ਼ੁਰਗ ਔਰਤ ਬੋਲੀ- 'ਬੇਟਾ ਇਹ ਲੜਕਾ ਠੀਕ ਕਹਿ ਰਿਹਾ ਹੈ ਇਹਨੂੰ ਫੌਰਨ ਹਸਪਤਾਲ ਲੈ ਜਾਉ। ਇਹਨੂੰ ਗਹਿਰੀ ਸੱਟ ਲੱਗੀ ਹੈ। ਵੇਖੋ ਤਾਂ ਕਿਵੇਂ ਖ਼ੂਨ ਵਹਿ ਰਿਹਾ ਹੈ।'

ਸਾਜਨ ਨੇ ਘੜੀ ਤੇ ਨਜ਼ਰ ਮਾਰੀ। ਦੋ ਵੱਜਣ ਵਾਲੇ ਸਨ।

ਉਹ ਬੋਲਿਆ- 'ਪੰਕਜ, ਤੂੰ ਆਪਣੀਆਂ ਹਰਕਤਾਂ ਤੋਂ ਬਾਜ ਨਹੀਂ ਆਏਗਾ। ਮੇਰੇ ਮਨਪਸੰਦ ਸੀਰੀਅਲ ਦਾ ਟਾਇਮ ਹੋਣ ਵਾਲਾ ਹੈ। ਮੈਂ ਤਾਂ ਚਲਿਆ।'

ਇਹ ਗੱਲ ਸੁਣਦੇ ਹੀ ਪੰਕਜ ਇਕਦਮ ਹੈਰਾਨੀ ਵਿੱਚ ਪੈ ਗਿਆ। ਉਹ ਬੋਲਿਆ - 'ਸਾਜਨ, ਕੁਝ ਤਾਂ ਸ਼ਰਮ ਕਰ। ਇਥੇ ਜਾਨ ਦੀ ਪਈ ਹੈ ਅਤੇ ਤੈਨੂੰ ਸੀਰੀਅਲ ਸੁਝ ਰਹੇ ਹਨ। ਜਾ ਤੂੰ ਜਾ ਕੇ ਆਪਣਾ ਸੀਰੀਅਲ ਵੇਖ। ਮੈਂ ਇੱਕਲਾ ਹੀ ਇਹਨੂੰ ਹਸਪਤਾਲ ਲੈ ਕੇ ਜਾ ਰਿਹਾ ਹਾਂ।''

ਸਾਜਨ ਸਾਈਕਲ ਤੇ ਸਵਾਰ ਹੋ ਕੇ ਘਰ ਵੱਲ ਰਵਾਨਾ ਹੋ ਗਿਆ।

ਤਦੇ ਇਕ ਰਿਕਸ਼ੇ ਵਾਲਾ ਉਥੇ ਆਇਆ। ਪੰਕਜ ਨੇ ਰੇਣੁਕਾ ਦੀ ਸਾਈਕਲ ਕੋਲ ਦੀ ਇਕ ਦੁਕਾਨ ਤੇ ਖੜੀ ਕੀਤੀ ਅਤੇ ਫਿਰ ਉਹਨੂੰ ਫੌਰਨ ਰਿਕਸ਼ੇ ਤੇ ਬਿਠਾ ਕੇ ਸਰਕਾਰੀ ਹਸਪਤਾਲ ਲੈ ਆਇਆ। ਹਸਪਤਾਲ ਜ਼ਿਆਦਾ ਦੂਰ ਨਹੀਂ ਸੀ।

ਡਾਕਟਰ ਰੇਣੁਕਾ ਦਾ ਇਲਾਜ਼ ਕਰਨ ਵਿੱਚ ਜੁੱਟ ਗਿਆ। ਪੰਕਜ ਉਹਨਾਂ ਦੇ ਕੋਲ ਹੀ ਬੈਂਚ ਤੇ ਬੈਠ ਗਿਆ।

ਅਚਾਨਕ ਹੀ ਪੰਕਜ ਦੇ ਮਨ ਵਿੱਚ ਤਰ੍ਹਾਂ-ਤਰ੍ਹਾਂ ਦੇ ਵਿਚਾਰ ਆਉਣ ਲੱਗੇ- 'ਕਿਤੇ ਸਾਜਨ ਠੀਕ ਹੀ ਤਾਂ






ਨਹੀਂ ਕਹਿ ਰਿਹਾ ਸੀ ਕਿ ਪੁਲਿਸ ਹੁਣ ਮੇਰੇ ਤੋਂ ਪੁੱਛਗਿਛ ਕਰੇਗੀ? ਕੀ ਮੇਰੇ ਨਾਲ ਮੰਮੀ-ਪਾਪਾ ਨੂੰ ਵੀ ਬੁਲਾਇਆ ਜਾਏਗਾ? ਅਗਰ ਪੁਲਿਸਵਾਲਿਆਂ ਨੇ ਇਹ ਕਹਿ ਦਿਤਾ ਕਿ ਤੂੰ ਹੀ ਇਸ ਦੀ ਸਾਈਕਲ ਵਿੱਚ ਟੱਕਰ ਮਾਰੀ ਹੋਏਗੀ ਅਤੇ ਬਚਣ ਦੇ ਲਈ ਇਹਨੂੰ ਹਸਪਤਾਲ ਲੈ ਆਇਆ, ਫਿਰ ਕੀ ਕਰਾਂਗਾ? ਮੇਰੀ ਤਾਂ ਪ੍ਰੀਖਿਆ ਵੀ ਕੁਝ ਦਿਨਾਂ ਬਾਦ ਸ਼ੁਰੂ ਹੋਣ ਵਾਲੀ ਹੈ। ਨਾ ਜਾਣੇ ਕਿਹੜੀ-ਕਿਹੜੀ ਪ੍ਰੀਖਿਆ ਵਿਚੋਂ ਮੈਨੂੰ ਗੁਜਰਨਾ ਪਏਗਾ?

ਫਿਰ ਉਸ ਨੇ ਆਪਣੇ ਆਪ ਵਿੱਚ ਆਤਮ-ਵਿਸ਼ਵਾਸ਼ ਪੈਦਾ ਕੀਤਾ। 'ਕੋਈ ਗੱਲ ਨਹੀਂ। ਪੁਲਿਸਵਾਲੇ ਮੇਰੇ ਤੋਂ ਜੋ-ਜੋ ਪੁੱਛਣਗੇ , ਸਹੀ-ਸਹੀ ਦੱਸ ਦੇਵਾਂਗਾ। ਮੈਂ ਬਿਲਕੁਲ ਨਹੀਂ ਡਰਾਂਗਾ। ਐਕਸੀਡੈਂਟ ਦੇ ਮਾਮਲੇ ਵਿੱਚ ਕਿਸੇ ਦੀ ਸਹਾਇਤਾ ਕਰਨਾ ਕੋਈ ਗੁਨਾਹ ਤਾਂ ਨਹੀਂ ਹੈ।'

ਉਧੇੜਬੁਨ ਵਿੱਚ ਫਸੇ ਪੰਕਜ ਦੀ ਨਜ਼ਰ ਅਚਾਨਕ ਰੇਣੁਕਾ ਦੇ ਪਾਪਾ ਤੇ ਪਈ ਤਾਂ ਉਹ ਇਕਦਮ ਖੜਾ ਹੋ ਗਿਆ।ਰੇਣੁਕਾ ਦੇ ਪਾਪਾ ਨੂੰ ਪੰਕਜ ਫਟਾਫਟ ਐਮਰਜੈਂਸੀ ਰੂਮ ਵਿੱਚ ਲੈ ਗਿਆ।

'ਡਾਕਟਰ ਸਾਹਬ, ਮੇਰੀ ਬੇਟੀ...?' ਰੇਣੁਕਾ ਦੇ ਪਾਪਾ ਨੇ ਹੈਰਾਨੀ-ਪ੍ਰੇਸ਼ਾਨੀ ਦੀ ਮਿਲੀ-ਜੁਲੀ ਭਾਵਨਾ ਪ੍ਰਗਟ ਕਰਦੇ ਹੋਏ ਪੁੱਛਿਆ।

ਡਾਕਟਰ ਨੇ ਦੱਸਿਆ- 'ਘਬਰਾਉਣ ਦੀ ਕੋਈ ਗੱਲ ਨਹੀਂ ਹੈ। ਰੇਣੁਕਾ ਨੂੰ ਸਹੀ ਸਮੇਂ ਤੇ ਹਸਪਤਾਲ ਵਿੱਚ ਲਿਆਂਦਾ ਗਿਆ ਹੈ। ਅਗਰ ਦੇਰ ਹੋ ਜਾਂਦੀ ਤਾਂ ਜ਼ਰੂਰ ਚਿੰਤਾ ਵਾਲੀ ਗੱਲ ਹੋ ਸਕਦੀ ਸੀ। ਸ਼ਾਮ ਨੂੰ ਹੀ ਇਹਨੂੰ ਹਸਪਤਾਲ ਤੋਂ ਡਿਸਚਾਰਜ ਕਰ ਦਿੱਤਾ ਜਾਏਗਾ।'

'ਅੰਕਲ, ਮੈਂ ਉਹਨਾਂ ਸਕੂਟਰ ਸਵਾਰਾਂ ਦੇ ਸਕੂਟਰ ਦਾ ਨੰਬਰ ਵੀ ਨੋਟ ਕਰ ਲਿਆ ਸੀ। ਇਹ ਲਉ। ਐਨਾ ਕਹਿ ਕੇ ਪੰਕਜ ਨੇ ਇਕ ਕਾਗਜ਼ ਦਾ ਟੁਕੜਾ ਆਪਣੀ ਜੇਬ ਵਿਚੋਂ ਕੱਢ ਕੇ ਰੇਣੁਕਾ ਦੇ ਪਾਪਾ ਨੂੰ ਦੇ ਦਿੱਤਾ।

ਪੁਲਿਸ ਚੌਕੀ ਹਸਪਤਾਲ ਵਿੱਚ ਹੀ ਸੀ। ਤਦ ਤਕ ਪੁਲਿਸ ਦੇ ਕੋਲ ਐਕਸੀਡੈਂਟ ਕੇਸ ਦੀ ਸੂਚਨਾ ਪਹੁੰਚ ਚੁੱਕੀ ਸੀ। ਪੁਲਿਸ ਕਰਮਚਾਰੀ ਹੁਣ ਬਿਆਨ ਲਿਖ ਰਿਹਾ ਸੀ। ਰੇਣੁਕਾ ਦੇ ਪਾਪਾ ਨੇ ਸਕੂਟਰ ਸਵਾਰਾਂ ਦੇ ਸਕੂਟਰ ਦਾ ਨੰਬਰ ਪੁਲਿਸ ਕਰਮਚਾਰੀ ਦੇ ਹਵਾਲੇ ਕਰ ਦਿੱਤਾ।

ਹਾਲਾਂ ਗੱਲਾਂ ਹੋ ਰਹੀਆਂ ਸਨ ਕਿ ਰੇਣੁਕਾ ਨੇ ਅੱਖਾਂ ਖੋਲ੍ਹੀਆਂ। ਆਪਣੇ ਆਪ ਨੂੰ ਹਸਪਤਾਲ ਵਿੱਚ ਵੇਖ ਕੇ ਰੋਣ ਲੱਗੀ ਲੇਕਿਨ ਉਸ ਦੇ ਪਾਪਾ ਉਹਨੂੰ ਹੌਸਲਾ ਦੇਣ ਲੱਗੇ।

ਪੁਲਿਸ ਕਰਮਚਾਰੀ ਨੂੰ ਪਤਾ ਲੱਗ ਚੁੱਕਾ ਸੀ ਕਿ ਪੰਕਜ ਹੀ ਜਖਮੀ ਰੇਣੁਕਾ ਨੂੰ ਇਕ ਰਿਕਸ਼ੇ ਵਿਚ ਹਸਪਤਾਲ ਲੈ ਕੇ ਆਇਆ ਸੀ। ਉਸ ਨੇ ਪੰਕਜ ਨੂੰ ਥਪਕੀ ਦਿੰਦੇ ਹੋਏ ਕਿਹਾ - 'ਸ਼ਾਬਾਸ਼, ਤੇਰੇ ਵਰਗੇ ਬੱਚੇ ਬਹੁਤ ਘੱਟ ਹੁੰਦੇ ਹਨ।' ਹੁਣ ਉਹਨਾਂ ਸਕੂਟਰ ਸਵਾਰਾਂ ਦੇ ਖਿਲਾਫ ਕਾਰਵਾਈ ਹੋਏਗੀ।'

ਪੁਲਿਸ ਕਰਮਚਾਰੀ ਦੇ ਬਿਆਨ ਲਿਖ ਚੁੱਕਣ ਦੇ ਬਾਦ ਪੰਕਜ ਨੇ ਆਪਣੇ ਅੰਦਰ ਦਾ ਡਰ ਵੀ ਪ੍ਰਗਟ ਕਰ ਹੀ ਦਿੱਤਾ।' ਅੰਕਲ, ਕੀ ਮੇਰੇ ਤੋਂ ਵੀ ਕੋਈ....?

ਪੰਕਜ ਦੀ ਗੱਲ ਦਾ ਸੰਕੇਤ ਸਮਝਦੇ ਹੋਏ ਪੁਲਿਸ ਕਰਮਚਾਰੀ ਨੇ ਪੰਕਜ ਨੂੰ ਤਿਰਛੀ ਨਜ਼ਰਾਂ ਨਾਲ ਵੇਖਦੇ ਹੋਏ ਕਿਹਾ - 'ਹਾਂ ਬੇਟਾ, ਆਪ ਨੂੰ ਥਾਣੇ ਲਿਜਾਇਆ ਜਾਏਗਾ।'

'ਮੈਨੂੰ ਥਾਣੇ ਲਿਜਾਇਆ ਜਾਏਗਾ? ਲੇਕਿਨ ਕਿਉਂ ਅੰਕਲ? ਮੈਂ ਤਾਂ ਇਸ ਦੀ ਮਦਦ ਕੀਤੀ ਸੀ।' ਪੰਕਜ ਨੇ ਥੋੜਾ ਜਿਹਾ ਡਰ ਪ੍ਰਗਟ ਕਰਦੇ ਹੋਏ ਪੁੱਛਿਆ।

'ਆਪ ਨੂੰ ਥਾਣੇ ਵਿੱਚ ਕਿਉਂ ਜਾਣਾ ਪਏਗਾ, ਇਹ ਤਾਂ ਉਥੇ ਜਾ ਕੇ ਹੀ ਪਤਾ ਲੱਗੇਗਾ। ਨਾਲ ਹੀ ਆਪ ਦੇ ਪਰਿਵਾਰ ਵਾਲਿਆਂ ਨੂੰ ਵੀ ਬੁਲਾਇਆ ਜਾਏਗਾ-' ਪੁਲਿਸ



ਕਰਮਚਾਰੀ ਨੇ ਕਿਹਾ। ਇਹ ਗੱਲ ਸੁਣ ਕੇ ਇਕ ਵਾਰ ਪੰਕਜ ਨੂੰ ਲਗਾ ਜਿਵੇਂ ਉਸਦੇ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਜਾ ਰਹੀ ਹੋਵੇ।

ਸ਼ਾਮ ਨੂੰ ਥਾਣੇ ਵਿੱਚ ਪੰਕਜ ਨੂੰ ਬੁਲਾਇਆ ਗਿਆ। ਘਰ ਵਿੱਚ ਘੁਸਰ-ਫੁਸਰ ਹੋਣ ਲੱਗੀ। ਥਾਣੇ ਦੀ ਗੱਲ ਸੁਣਦੇ ਹੀ ਸਾਜਨ ਦੀ ਤਾਂ ਸਿੱਟੀ-ਪਿੱਟੀ ਗੁੰਮ ਹੋ ਗਈ। ਉਸ ਨੇ ਪੰਕਜ ਤੇ ਵਿਅੰਗ ਕਸਿਆ। 'ਕਿਉਂ, ਕੀ ਬੋਲਿਆ ਸੀ ਮੈਂ? ਹੁਣ ਲੈ ਮਜਾ। ਮੈਂ ਤੈਨੂੰ ਅੱਖਾਂ-ਅੱਖਾਂ ਨਾਲ ਕਿੰਨਾ ਸਮਝਾਇਆ ਸੀ ਲੇਕਿਨ ਤੂੰ ਮੇਰੀ ਇਕ ਨਹੀਂ ਮੰਨੀ। ਤੇਰੇ ਤੇ ਤਾਂ ਪਰਉਪਕਾਰ ਦਾ ਭੂਤ ਸਵਾਰ ਸੀ। ਹੁਣ ਦੇਣਾ ਥਾਣੇ ਵਿੱਚ ਗਵਾਹੀ। ਨਾਲ ਹੀ ਮੰਮੀ-ਪਾਪਾ ਨੂੰ ਵੀ ਜਲੀਲ ਕਰਵਾਉਣਾ।'

ਸ਼ਾਮ ਨੂੰ ਰੇਣੁਕਾ ਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ ਸੀ। ਹੁਣ ਉਹ ਠੀਕ ਮਹਿਸੂਸ ਕਰ ਰਹੀ ਸੀ। ਪੰਕਜ ਨੂੰ ਆਪਣੇ ਮੰਮੀ-ਪਾਪਾ ਦੇ ਨਾਲ ਥਾਣੇ ਬੁਲਾਇਆ ਗਿਆ। ਨਾਲ ਹੀ ਰੇਣੁਕਾ ਦੇ ਪਾਪਾ ਵੀ ਸਨ। ਇੰਸਪੈਕਟਰ ਸਾਹਿਬ ਥਾਣੇ ਵਿੱਚ ਮੌਜੂਦ ਸਨ। ਸਾਰੇ ਲੋਕ ਕੁਰਸੀਆਂ ਤੇ ਬੈਠ ਗਏ।

ਇੰਸਪੈਕਟਰ ਨੇ ਪੰਕਜ ਨੂੰ ਗੌਰ ਨਾਲ ਨਿਹਾਰਿਆ ਅਤੇ ਉਸ ਵੱਲ ਇਕ ਪੈਕਟ ਅਤੇ ਲਿਫਾਫਾ ਵਧਾਉਂਦੇ ਹੋਏ ਬੋਲੇ – 'ਸ਼ਾਬਾਸ਼ ਬੇਟਾ, ਤੂੰ ਹੈ ਉਹ ਦਿਲੇਰ ਅਤੇ ਸਮਝਦਾਰ ਬਾਲਕ ਜਿਸ ਨੇ ਨਾ ਕੇਵਲ ਅਪਰਾਧੀਆਂ ਦੇ ਸਕੂਟਰ ਦਾ ਨੰਬਰ ਨੋਟ ਕਰਕੇ ਉਹਨਾਂ ਨੂੰ ਫੜਵਾਉਣ ਵਿੱਚ ਸਾਡੀ ਮਦਦ ਕੀਤੀ ਹੈ ਬਲਕਿ ਉਚਿਤ ਸਮੇਂ ਤੇ ਉਸ ਲੜਕੀ ਨੂੰ ਹਸਪਤਾਲ ਵਿੱਚ ਦਾਖਿਲ ਕਰਵਾ ਕੇ ਉਹਨੂੰ ਵੱਡੇ ਜੋਖਿਮ ਤੋਂ ਬਚਾਇਆ ਹੈ। ਕਮਾਲ ਦਾ ਬਾਲਕ ਨਿਕਲਿਆ ਤੂੰ ਤਾਂ। ਇਹ ਲਉ ਪੁਲਿਸ ਵੱਲੋਂ ਆਪਣਾ ਇਨਾਮ ਅਤੇ ਪੰਜ ਸੌ ਰੁਪਏ।'

'ਕੀ ਸਰ ਪੁਰਸਕਾਰ?' ਪੰਕਜ ਦਾ ਮੂੰਹ ਖੁਲ੍ਹਾ ਰਹਿ ਗਿਆ।

ਇੰਸਪੈਕਟਰ ਸਾਹਿਬ ਨੇ ਬਰਫੀ ਵਾਲੀ ਪਲੇਟ ਪੰਕਜ ਦੇ ਅਗੇ ਕਰਦੇ ਹੋਏ ਕਿਹਾ – 'ਹਾਂ, ਹਾਂ ਬੇਟੇ ,' ਹੁਣ ਪਹਿਲਾਂ ਵਾਲੀ ਗੱਲ ਨਹੀਂ ਰਹੀ ਕਿ ਜਦ ਕੋਈ ਕਿਸੇ ਜਖਮੀ ਵਿਅਕਤੀ ਨੂੰ ਹਸਪਤਾਲ ਵਿੱਚ ਦਾਖਿਲ ਕਰਵਾਉਣ ਦੀ ਹਿੰਮਤ ਜੁਟਾਉਂਦਾ ਸੀ ਤਾਂ ਪੁਲਿਸ ਖਾਮਖਾਹ ਉਸ ਦੀ ਗਵਾਹੀ ਲੈ ਕੇ ਉਹਨੂੰ ਪ੍ਰੇਸ਼ਾਨ ਕਰਦੀ ਸੀ। ਹੁਣ ਨਵੇਂ ਨਿਯਮ ਬਣ ਗਏ ਹਨ। ਜੋ ਕਿਸੇ ਜਖਮੀ ਨੂੰ ਫੌਰਨ ਹਸਪਤਾਲ ਵਿੱਚ ਦਾਖਿਲ ਕਰਵਾ ਕੇ ਉਸ ਦੀ ਉਚਿਤ ਸਮੇਂ ਤੇ ਮਦਦ ਕਰੇਗਾ ਪੁਲਿਸ ਉਸਦਾ ਸਨਮਾਨ ਕਰੇਗੀ। ਜਿਵੇਂ ਆਪ ਦਾ ਹੋ ਰਿਹਾ ਹੈ। ਅਜਿਹਾ ਨੇਕ ਕਾਰਜ ਕਰਨ ਵਾਲਿਆਂ ਨੂੰ ਵਾਰ-ਵਾਰ ਥਾਣੇ ਵਿੱਚ ਨਹੀਂ ਬੁਲਾਇਆ ਜਾਏਗਾ। ਆਪ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਦੋਵੇਂ ਸਕੂਟਰ ਸਵਾਰ ਸ਼ਹਿਰ ਦੇ ਇਕ ਕਾਲਜ ਵਿੱਚ ਪੜਦੇ ਹਨ। ਉਹਨਾਂ ਨੂੰ ਫੜ ਲਿਆ ਗਿਆ ਹੈ।''

ਬਿਲਕੁਲ ਠੀਕ ਹੈ ਸਾਹਿਬ। ਮਿੱਟੀ ਉਛਾਲਣ ਨਾਲ ਸੂਰਜ ਨਹੀਂ ਛਿਪਦਾ। ਗੁਣੀ ਵਿਅਕਤੀ ਦਾ ਗੁਣ ਆਪਣੇ ਆਪ ਪ੍ਰਗਟ ਹੋ ਜਾਂਦਾ ਹੈ। ਪੰਕਜ ਵਰਗੇ ਪਰਉਪਕਾਰੀ ਲੋਕਾਂ ਦਾ ਪਬਲਿਕ ਨੂੰ ਵੀ ਸਨਮਾਨ ਕਰਨਾ ਚਾਹੀਦਾ ਹੈ। ਅਗਰ ਇਹ ਉਚਿਤ ਸਮੇਂ ਤੇ ਮੇਰੀ ਬੇਟੀ ਨੂੰ ਹਸਪਤਾਲ ਨਾ ਪਹੁੰਚਾਉਂਦਾ ਤਾਂ ਨਾ ਜਾਣੇ ਉਸ ਦਾ ਕਿੰਨਾ ਖ਼ੂਨ ਵਹਿ_ਚੁੱਕਾ ਹੁੰਦਾ। – ਰੇਣੁਕਾ ਦੇ ਪਾਪਾ ਨੇ ਪੰਕਜ ਦੀ ਪਿੱਠ ਤੇ ਹੱਥ ਰੱਖਦੇ ਹੋਏ ਕਿਹਾ।

ਜਦ ਪੰਕਜ ਆਪਣੇ ਮੰਮੀ-ਪਾਪਾ ਸਹਿਤ ਘਰ ਆਇਆ ਤਾਂ ਸਾਜਨ ਉਹਨੂੰ ਟੀ.ਵੀ. ਦੇ ਅਗੇ ਬੈਠਾ ਦਿਖਾਈ ਦਿੱਤਾ। ਜਦ ਉਹਨੂੰ ਅਸਲੀਅਤ ਦਾ ਪਤਾ ਲੱਗਾ ਤਾਂ ਸ਼ਰਮ ਨਾਲ ਪਾਣੀ-ਪਾਣੀ ਹੋ ਗਿਆ। ਪੰਕਜ ਨੇ ਸਾਜਨ ਨੂੰ ਕਿਹਾ – ਹੁਣ ਬੋਲ।

# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ :** ਚੰਦਰਮਾ ਦੀ ਸਤ੍ਹਾ ਤੇ ਪੁਲਾੜ ਯਾਤਰੀ ਇਕ-ਦੂਸਰੇ ਦੀ ਆਵਾਜ਼ ਕਿਉਂ ਨਹੀਂ ਸੁਣ ਸਕਦੇ ਹਨ?

**ਉੱਤਰ :** ਚੰਦਰਮਾ ਦੀ ਸਤ੍ਹਾ ਤੇ ਹਵਾ ਨਹੀਂ ਹੈ। ਧੁਨਿ ਹਵਾ ਦੇ ਮਾਧਿਅਮ ਨਾਲ ਹੀ ਇਕ ਸਥਾਨ ਤੋਂ ਦੂਸਰੇ ਸਥਾਨ ਤਕ ਜਾਂਦੀ ਹੈ।ਇਸ ਲਈ ਚੰਦਰਮਾ ਤੇ ਪੁਲਾੜ-ਯਾਤਰੀ ਇਕ-ਦੂਸਰੇ ਦੀ ਆਵਾਜ਼ ਨਹੀਂ ਸੁਣ ਸਕਦੇ ਹਨ। ਉਹ ਰੇਡਿਉ-ਤਰੰਗਾਂ ਦੇ ਮਾਧਿਅਮ ਨਾਲ ਹੀ ਆਪਸ ਵਿੱਚ ਸੰਪਰਕ ਕਰਦੇ ਹਨ।

**ਪ੍ਰਸ਼ਨ :** ਤੇਲ-ਟੈਂਕਰਾਂ ਨੂੰ ਭਰਦੇ ਸਮੇਂ ਉਪਰ ਕੁਝ ਖਾਲੀ ਸਥਾਨ ਕਿਉਂ ਛੱਡ ਦਿਤਾ ਜਾਂਦਾ ਹੈ?

**ਉੱਤਰ :** ਟੈਂਕਰਾਂ ਨੂੰ ਭਰਦੇ ਸਮੇਂ ਉਪਰੋਂ ਕੁਝ ਖਾਲੀ ਸਥਾਨ ਛੱਡ ਦਿੱਤਾ ਜਾਂਦਾ ਹੈ। ਇਸ ਦਾ ਕਾਰਣ ਇਹ ਹੈ ਕਿ ਅੰਦਰ ਦਾਬ ਘੱਟ ਹੋ ਜਾਂਦਾ ਹੈ ਅਤੇ ਟੈਂਕਰਾਂ ਦੇ ਬਾਹਰ ਦਾਬ ਜ਼ਿਆਦਾ ਹੁੰਦਾ ਹੈ। ਹਵਾ ਜ਼ਿਆਦਾ ਦਾਬ ਤੋਂ ਘੱਟ ਦਾਬ ਵੱਲ ਵਹਿੰਦੀ ਹੈ। ਇਸ ਲਈ ਟੈਂਕਰਾਂ ਦਾ ਢੱਕਣ ਠੀਕ ਨਾਲ ਬੰਦ ਹੋ ਜਾਂਦਾ ਹੈ।

**ਪ੍ਰਸ਼ਨ :** ਬਸ ਦੀ ਛੱਤ ਤੇ ਰੱਖੇ ਸਮਾਨ ਨੂੰ ਰੱਸੀ ਨਾਲ ਬੰਨ੍ਹਣਾ ਜ਼ਰੂਰੀ ਕਿਉਂ ਹੁੰਦਾ ਹੈ?

**ਉੱਤਰ :** ਤੇਜ਼ ਗਤੀ ਨਾਲ ਚਲਦੀ ਬਸ ਦੀ ਛੱਤ ਤੇ ਹਵਾ ਤੇਜ਼ ਗਤੀ ਨਾਲ ਵਹਿੰਦੀ ਹੈ। ਛੱਤ ਤੇ ਰੱਖਿਆ ਸਮਾਨ ਵੀ ਉਸੇ ਵੇਗ ਨਾਲ ਬਸ ਦੇ ਨਾਲ ਅਗੇ ਵਧਦਾ ਹੈ ਜਿਸ ਵੇਗ ਨਾਲ ਬਸ ਅਗੇ ਵਧਦੀ ਹੈ। ਜਦ ਤੇਜ਼ ਗਤੀ ਨਾਲ ਬਸ ਆਪਣੀ ਦਿਸ਼ਾ ਬਦਲਦੀ ਹੈ ਤਾਂ ਤੇਜ਼ ਗਤੀ ਦੇ ਕਾਰਣ ਛੱਤ ਤੇ ਰੱਖਿਆ ਸਾਮਾਨ ਵੀ ਉਸੇ ਦਿਸ਼ਾ ਵਿੱਚ ਤਬਦੀਲ ਹੋਣਾ ਚਾਹੁੰਦਾ ਹੈ ਜਿਸ ਦੇ ਸਿੱਟੇ ਵਜੋਂ ਉਹ ਛੱਤ ਤੋਂ ਹੇਠਾਂ ਡਿਗ ਜਾਂਦਾ ਹੈ। ਸਾਮਾਨ ਨੂੰ ਡਿੱਗਣ ਤੋਂ ਬਚਾਉਣ ਲਈ ਹਮੇਸ਼ਾਂ ਉਹਨੂੰ ਰੱਸੀ ਨਾਲ ਬੰਨ੍ਹ ਦਿੱਤਾ ਜਾਂਦਾ ਹੈ।

**ਪ੍ਰਸ਼ਨ :** ਰੋਂਦੇ ਸਮੇਂ ਨਵਜਾਤ ਸ਼ਿਸ਼ੂ ਦੀਆਂ ਅੱਖਾਂ ਵਿਚੋਂ ਹੰਝੂ ਕਿਉਂ ਨਹੀਂ ਨਿਕਲਦੇ ?

**ਉਤਰ :** ਦਰਅਸਲ, ਸਰੀਰ ਵਿੱਚ ਅਨੇਕ ਗ੍ਰੰਥੀਆਂ ਹੁੰਦੀਆਂ ਹਨ ਅਤੇ ਇਹਨਾਂ ਗ੍ਰੰਥੀਆਂ ਦਾ ਆਪਣਾ – ਆਪਣਾ ਅਲਗ ਕਾਰਜ ਹੁੰਦਾ ਹੈ। ਇਸੀ ਪ੍ਰਕਾਰ ਨਾਲ ਹੰਝੂਆਂ ਲਈ ਵੀ ਇਕ ਪ੍ਰਕਾਰ ਦੀਆਂ ਗ੍ਰੰਥੀਆਂ ਜ਼ਿੰਮੇਵਾਰ ਹੁੰਦੀਆਂ ਹਨ। ਨਵਜਾਤ ਸ਼ਿਸ਼ੂ ਰੋਂਦੇ ਸਮੇਂ ਅੱਖਾਂ ਤੋਂ ਹੰਝੂ ਨਹੀਂ ਵਹਾ ਸਕਦੇ ਕਿਉਂਕਿ ਹੰਝੂ ਵਹਾਉਣ ਵਾਲੀਆਂ ਗ੍ਰੰਥੀਆਂ ਨਵਜਾਤ ਸ਼ਿਸ਼ੂ ਵਿਚ ਮੌਜੂਦ ਨਹੀਂ ਹੁੰਦੀਆਂ। ਇਹ ਗ੍ਰੰਥੀਆਂ ਚਾਰ-ਪੰਜ ਮਹੀਨੇ ਦੇ ਬੱਚਿਆਂ ਵਿੱਚ ਹੀ ਵਿਕਸਿਤ ਹੋਣਾ ਆਰੰਭ ਹੁੰਦੀਆਂ ਹਨ। ❑

ਅਮਨਪ੍ਰੀਤ ਸਿੰਘ

# ਜੀਵਨ ਹੀ ਜਿਸ ਦਾ ਹੈ ਪਾਣੀ



ਪਾਣੀ ਬਿਨ ਜਿਸ ਨੂੰ ਸਾਹ ਨਾ ਆਵੇ,
ਪਾਣੀ ਵਿੱਚ ਹੀ ਆਪਣਾ ਘਰ ਬਣਾਵੇ।
ਹੀਰੇ ਵਰਗੀ ਅੱਖ ਉਸਦੀ ਲਗਦੀ ਬੜੀ ਪਿਆਰੀ ਹੈ,
ਦੁਨੀਆਂ ਵਿੱਚ ਜਿਸ ਦੀ ਚਰਚਾ ਬਹੁਤ ਨਿਆਰੀ ਹੈ।
ਸੋਚੋ, ਸਮਝੋ ਲਾਵੋ ਆਪਣਾ ਧਿਆਨ,
ਬੁੱਝੋ ਬੱਚਿਓ ਉਸਦਾ ਨਾਮ?

ਜਿਸ ਨੂੰ ਕਹਿੰਦੇ ਜਲ ਦੀ ਰਾਣੀ,
ਜੀਵਨ ਹੀ ਜਿਸਦਾ ਹੈ ਪਾਣੀ।
ਪਾਣੀ ਤੋਂ ਬਾਹਰ ਕੱਢੋ ਉਹ ਮਰ ਜਾਂਦੀ ਹੈ,
ਫਿਰ ਉਹ ਮੁੜ ਨਾ ਜੀਅ ਪਾਉਂਦੀ ਹੈ।
ਸੋਚੋ, ਸਮਝੋ ਲਾਵੋ ਆਪਣਾ ਧਿਆਨ,
ਬੁੱਝੋ ਬੱਚਿਉ ਉਸਦਾ ਨਾਮ?

ਰੰਗ-ਬਰੰਗੀ ਜਦ ਉਹ ਪਾਣੀ ਵਿੱਚ ਤਾਰੀ ਲਾਵੇ,
ਸਾਡਾ ਦਿਲ ਉਸ ਨੂੰ ਛੂਹਣ ਨੂੰ ਜਾਵੇ।
ਥੋੜਾ ਜਿਹਾ ਰੌਲਾ ਸੁਣ ਕੇ ਉਹ ਡਰ ਜਾਂਦੀ ਹੈ,
ਫਿਰ ਉਹ ਪਾਣੀ ਵਿੱਚ ਛੁਪ ਜਾਂਦੀ ਹੈ।
ਸੋਚੋ ਸਮਝੋ ਲਾਵੋ ਆਪਣਾ ਧਿਆਨ,
ਬੁੱਝੋ ਬੱਚਿਉ ਉਸਦਾ ਨਾਮ?

ਗਲਫੜ੍ਹਿਆਂ ਨਾਲ ਉਹ ਸਾਹ ਹੈ ਲੈਂਦੀ,
ਬਿਨ੍ਹਾਂ ਵਜਾ ਤੋਂ ਕਿਸੇ ਨੂੰ ਕੁਝ ਨਾ ਕਹਿੰਦੀ।
ਹੱਥ ਨਾਲ ਜੇ ਫੜੀਏ, ਦੂਰ ਭੱਜ ਜਾਂਦੀ ਹੈ,
ਪਰ ਜਾਲ ਵਿੱਚ ਆਸਾਨੀ ਨਾਲ ਫਸ ਜਾਂਦੀ ਹੈ।
ਸੋਚੋ, ਸਮਝੋ ਲਾਵੋ ਆਪਣਾ ਧਿਆਨ,
ਮੱਛਲੀ ਹੈ ਬੱਚਿਓ ਉਸਦਾ ਨਾਮ?



❑ ਪ੍ਰਿੰਸ ਖੁਰਾਨਾ

# ਇਕ ਤੀਰ ਨਾਲ ਦੋ ਸ਼ਿਕਾਰ

ਤੇਨਾਲੀਰਾਮ ਵਿਜੈਨਗਰ ਦੇ ਮਹਾਰਾਜ ਕ੍ਰਿਸ਼ਣਦੇਵ ਰਾਇ ਦੇ ਦਰਬਾਰ ਦੇ ਵਿਦਵਾਨਾਂ ਵਿਚੋਂ ਇਕ ਸਨ। ਇਕ ਦਿਨ ਉਹਨਾਂ ਨੂੰ ਮਹਾਰਾਜਾ ਦੇ ਦਰਬਾਰ ਵਿੱਚ ਦੇਰ ਰਾਤ ਤਕ ਰੁਕਣਾ ਪਿਆ ਸੀ। ਰਾਤ ਤੇ ਸਮੇਂ ਘਰ ਜਾਂਦੇ ਹੋਏ ਝਾੜੀ ਦੇ ਕੋਲੋਂ ਗੁਜਰਦੇ ਹੋਏ ਉਹਨਾਂ ਨੂੰ ਕੁਝ ਲੋਕਾਂ ਦੇ ਫੁਸਫਸਾਉਣ ਦੀ ਆਵਾਜ਼ ਸੁਣਾਈ ਦਿੱਤੀ। ਉਹ ਕਿਸੇ ਰੁੱਖ ਦੀ ਆੜ ਵਿੱਚ ਲੁਕ ਗਏ ਅਤੇ ਹਨ੍ਹੇਰੇ ਵਿੱਚ ਉਹਨਾਂ ਦੀਆਂ ਗੱਲਾਂ ਸੁਣਨ ਲੱਗੇ। ਉਹ ਲੋਕ ਆਪਸ ਵਿੱਚ ਗੱਲਬਾਤ ਕਰ ਰਹੇ ਸਨ ਕਿ ਤੇਨਾਲੀਰਾਮ ਬਹੁਤ ਹੀ ਅਮੀਰ ਵਿਅਕਤੀ ਹੈ ਅਤੇ ਸਾਡੇ ਕੋਲ ਕੁਝ ਵੀ ਨਹੀਂ ਹੈ ਲੇਕਿਨ ਕੱਲ ਤਕ ਅਸੀਂ ਅਮੀਰ ਹੋ ਜਾਵਾਂਗੇ ਅਤੇ ਉਸ ਦੇ ਕੋਲ ਕੁਝ ਵੀ ਨਹੀਂ ਰਹੇਗਾ। ਇਸ ਗੱਲ ਤੇ ਸਾਰੇ ਲੋਕ ਹੌਲੀ-ਹੌਲੀ ਹੱਸਣ ਲੱਗੇ। ਉਹਨਾਂ ਵਿਚੋਂ ਇਕ ਨੇ ਕਿਹਾ- ''ਯਾਰ ਤੂੰ ਖੂਬ ਕਿਹਾ, ਤੇਰੇ ਕੀ ਕਹਿਣੇ ਵਾਹ!'

ਤੇਨਾਲੀਰਾਮ ਨੂੰ ਭਨਕ ਲੱਗ ਗਈ ਕਿ ਚੋਰ ਉਸ ਦੇ ਘਰ ਦਾ ਸਾਮਾਨ ਚੁਰਾਉਣ ਵਾਲੇ ਹਨ। ਉਹ ਤਤਕਾਲ ਆਪਣੇ ਘਰ ਵੱਲ ਦੌੜ ਪਿਆ।



ਉਹ ਰਾਹ ਵਿੱਚ ਯੋਜਨਾ ਬਣਾ ਰਿਹਾ ਸੀ ਜਿਸ ਨਾਲ ਕਿ ਚੋਰਾਂ ਨੂੰ ਸਬਕ ਸਿਖਾਇਆ ਜਾ ਸਕੇ। ਘਰ ਪਹੁੰਚ ਕੇ ਉਸ ਨੇ ਆਪਣੇ ਘਰ ਦਾ ਦਰਵਾਜ਼ਾ ਖੜਕਾਇਆ। ਉਸ ਦੀ ਪਤਨੀ ਨੇ ਦਰਵਾਜ਼ਾ ਖੋਲ੍ਹਿਆ। ਤੇਨਾਲੀਰਾਮ ਵਿਹੜੇ ਵਿੱਚ ਝੂਲੇ ਤੇ ਬੈਠ ਗਿਆ। ਉਸ ਦੀ ਪਤਨੀ ਨੇ ਉਹਦੇ ਲਈ ਦੁੱਧ ਦਾ ਗਿਲਾਸ ਤਿਆਰ ਕੀਤਾ। ਬਾਦ ਵਿੱਚ ਸ਼ਿਕਾਇਤ ਭਰੇ ਸੁਰ ਵਿੱਚ ਉਸ ਨੇ ਕਿਹਾ ਕਿ ਸਾਡੇ ਘਰ ਦੇ ਪਿਛੇ ਵਾਲੇ ਖੇਤ ਵਿੱਚ ਜੋ ਧਾਨ ਦੀ ਫਸਲ ਹੈ, ਉਹ ਸੁਕਦੀ ਜਾ ਰਹੀ ਹੈ। ਅਗਰ ਤੁਸੀਂ ਉਸ ਵਿੱਚ ਸਮੇਂ ਸਿਰ ਪਾਣੀ ਨਹੀਂ ਦੇਵੋਗੇ ਤਾਂ ਫਸਲ ਛੇਤੀ ਹੀ ਨਸ਼ਟ ਹੋ ਜਾਏਗੀ।

ਤੇਨਾਲੀਰਾਮ ਨੇ ਕਿਹਾ- ''ਤੁਹਾਡੀਆਂ ਗੱਲਾਂ ਠੀਕ ਹਨ, ਪਰ ਕੁਝ ਵਿਸ਼ੇਸ਼ ਕੰਮ ਹਨ, ਪਹਿਲਾਂ ਉਹਨਾਂ ਨੂੰ ਪੂਰਾ ਕਰਨਾ ਹੈ ਛੇਤੀ ਆਉ।' ਉਹ ਆਪਣੀ ਪਤਨੀ ਨਾਲ ਘਰ ਦੇ ਪਿਛਵਾੜੇ ਵਿੱਚ ਗਏ। ਉਹਨਾਂ ਨੇ ਇਕ ਬਹੁਤ ਵੱਡਾ ਬਕਸਾ ਕੱਢਿਆ ਅਤੇ ਉਹਨੂੰ ਇੱਟਾਂ ਪੱਥਰਾਂ ਨਾਲ ਭਰ ਦਿੱਤਾ। ਉਸ ਦੀ ਪਤਨੀ ਕੁਝ ਸਮਝ ਨਹੀਂ ਰਹੀ ਸੀ।

ਤੇਨਾਲੀਰਾਮ ਨੇ ਬਾਦ ਵਿੱਚ ਆਪਣੀ ਪਤਨੀ ਨੂੰ ਕਿਹਾ- 'ਚਲੋ ਹੁਣ ਇਸ ਬਕਸੇ ਨੂੰ ਲੈ ਜਾ ਕੇ ਖੂਹ ਵਿੱਚ ਸੁੱਟ ਦਿੰਦੇ ਹਾਂ।' ਇਹ ਸੁਣ ਕੇ ਉਸ ਦੀ ਪਤਨੀ ਨੇ ਪੁੱਛਿਆ - ਪ੍ਰੰਤੂ ਕਿਉਂ?

ਤੇਨਾਲੀਰਾਮ ਨੇ ਪਤਨੀ ਦੇ ਕੰਨ ਵਿੱਚ ਫੁਸਫੁਸਾਉਂਦੇ ਹੋਏ ਸਾਰੀ ਘਟਨਾ ਸੁਣਾਈ। ਉਸ ਦੀ ਪਤਨੀ ਹੈਰਾਨ ਰਹਿ ਗਈ ਪ੍ਰੰਤੂ ਤੇਨਾਲੀਰਾਮ ਖੁਸ਼ ਹੋ ਕੇ ਬੋਲੇ- ਇਹ ਇਕ ਉੱਤਮ ਮੌਕਾ ਹੈ ਆਪਣੇ ਖੇਤਾਂ ਨੂੰ ਪਾਣੀ ਦੇਣ ਦਾ। ਦੋਵੇਂ ਉਸ ਭਾਰੀ ਬਕਸੇ ਨੂੰ ਘਸੀਟਦੇ ਹੋਏ ਖੂਹ ਕੋਲ ਲੈ ਕੇ ਆਏ ਅਤੇ ਦੋਹਾਂ ਨੇ ਮਿਲ ਕੇ ਉਸ ਭਾਰੀ ਬਕਸੇ ਨੂੰ ਖੂਹ ਦੇ ਅੰਦਰ ਸੁੱਟ ਦਿਤਾ। ਉਸ ਦੇ ਬਾਦ ਤੇਨਾਲੀਰਾਮ ਨੇ ਆਪਣੀ ਪਤਨੀ ਨੂੰ ਉਚੀ ਆਵਾਜ਼ ਵਿੱਚ ਕਿਹਾ- ਸੁਣਦੀ ਹੋ ਭਾਗਵਾਨ! ਹੁਣ ਕੋਈ ਵੀ ਚੋਰ ਸਾਡੀ ਕੀਮਤੀ ਚੀਜ਼ ਦੀ ਚੋਰੀ ਨਹੀਂ ਕਰ ਸਕੇਗਾ। ਇਸ ਬਕਸੇ ਵਿੱਚ ਸਭ ਕੁਝ ਹੈ ਸੋਨਾ, ਚਾਂਦੀ ਦੇ ਗਹਿਣੇ ਅਤੇ ਹੀਰੇ-ਜਵਾਹਰਤ ਆਦਿ।

ਰੁੱਖ ਦੇ ਪਿੱਛੇ ਲੁਕੇ ਚੋਰਾਂ ਨੇ ਤੇਨਾਲੀਰਾਮ ਦੀਆਂ ਸਾਰੀਆਂ ਗੱਲਾਂ ਸੁਣ ਲਈਆਂ ਸਨ। ਤੇਨਾਲੀਰਾਮ ਅਤੇ ਉਸਦੀ ਪਤਨੀ ਜਿਵੇਂ ਹੀ ਘਰ ਦੇ ਅੰਦਰ ਗਏ ਤਾਂ ਥੋੜੀ ਦੇਰ ਬਾਦ ਉਹ ਚੋਰ ਉਥੋਂ ਨਿਕਲ ਕੇ ਖੂਹ ਵੱਲ ਆਏ। ਖੂਹ ਵਿੱਚ ਪਾਣੀ ਬਹੁਤ ਸੀ ਅਤੇ ਹੇਠਾਂ ਜਾ ਕੇ ਬਕਸਾ ਕੱਢਣਾ ਆਸਾਨ ਨਹੀਂ ਸੀ। ਉਹਨਾਂ ਚੋਰਾਂ ਨੇ ਖੂਹ ਦੇ ਪਾਣੀ ਨੂੰ ਬਾਹਰ ਕੱਢਣਾ ਬਿਹਤਰ ਸਮਝਿਆ। ਉਹਨਾਂ ਨੇ

ਉਥੇ ਇਕ ਬਾਲਟੀ ਅਤੇ ਉਸ ਵਿੱਚ ਬੰਨ੍ਹੀ ਇਕ ਰੱਸੀ ਵੇਖੀ। ਚੋਰਾਂ ਨੇ ਜਲਦੀ ਨਾਲ ਵਾਰੀ-ਵਾਰੀ ਨਾਲ ਬਾਲਟੀ ਦੁਆਰਾ ਖੂਹ ਦਾ ਪਾਣੀ ਕੱਢਣਾ ਸ਼ੁਰੂ ਕੀਤਾ। ਉਹ ਪਾਣੀ ਕੱਢਦੇ ਅਤੇ ਇਕ ਨਾਲੇ ਵਿੱਚ ਪਾਉਂਦੇ ਜਾਂਦੇ। ਸਾਰੀ ਰਾਤ ਉਹ ਹੀਰੇ-ਜਵਾਹਰਾਤ ਦੇ ਲਾਲਚ ਵਿੱਚ ਮਿਹਨਤ ਕਰਦੇ ਰਹੇ। ਸਵੇਰ ਹੋਣ ਤਕ ਉਹਨਾਂ ਚੋਰਾਂ ਨੂੰ ਉਹ ਵੱਡਾ ਬਕਸਾ ਦਿਸਿਆ। ਉਹਨਾਂ ਵਿਚੋਂ ਇਕ ਚੋਰ ਨੇ ਕਿਹਾ - ਮੈਂ ਹੇਠਾਂ ਜਾ ਕੇ ਉਸ ਬਕਸੇ ਨੂੰ ਰੱਸੀ ਨਾਲ ਬੰਨ੍ਹਦਾ ਹਾਂ। ਫਿਰ ਹੌਲੀ-ਹੌਲੀ ਸਾਰੇ ਚੋਰਾਂ ਨੇ ਭਾਰੀ ਬਕਸੇ ਨੂੰ ਉਪਰ ਖਿਚਿਆ। ਉਹਨਾਂ ਨੇ ਬਿਨਾ ਦੇਰ ਕੀਤੇ ਬਕਸੇ ਦੇ ਤਾਲੇ ਨੂੰ ਤੋੜਿਆ। ਪ੍ਰੰਤੂ ਇਹ ਕੀ? ਉਸ ਬਕਸੇ ਵਿੱਚ ਤਾਂ ਸੋਨੇ ਚਾਂਦੀ ਦੇ ਗਹਿਣੇ ਅਤੇ ਸਿੱਕਿਆਂ ਦੀ ਬਜਾਏ ਇੱਟਾਂ-ਪੱਥਰ ਹੀ ਭਰੇ ਹੋਏ ਸਨ। ਸਾਰਾ ਮਾਜਰਾ ਸਮਝਦੇ ਹੀ ਜਿਵੇਂ ਹੀ ਉਹ ਸਾਰੇ ਭੱਜਣ ਲਈ ਉਠੇ ਉਹਨਾਂ ਨੇ ਵੇਖਿਆ ਕਿ ਤੇਨਾਲੀਰਾਮ ਸਿਪਾਹੀਆਂ ਨੂੰ ਲੈ ਕੇ ਖੇਤ ਦੇ ਕਿਨਾਰੇ ਤੇ ਖੜੇ ਹੋਏ ਹਨ।

ਇਹ ਵੇਖ ਕੇ ਉਹਨਾਂ ਚੋਰਾਂ ਦੇ ਹੋਸ਼ ਉਡ ਗਏ। ਸਿਪਾਹੀਆਂ ਨੇ ਉਹਨਾਂ ਚੋਰਾਂ ਨੂੰ ਫੜ ਲਿਆ। ਬਾਦ ਵਿੱਚ ਤੇਨਾਲੀਰਾਮ ਆਪਣੀ ਪਤਨੀ ਨੂੰ ਲੈ ਕੇ ਖੇਤ ਵੱਲ ਗਿਆ ਅਤੇ ਬੋਲਿਆ ਕਿਵੇਂ ਰਹੀ ਮੇਰੀ ਤਰਕੀਬ, ਚੋਰਾਂ ਦੀ ਵਜ੍ਹਾ ਨਾਲ ਸਾਡੇ ਧਾਨ ਨੂੰ ਕੁਝ ਤਾਂ ਪਾਣੀ ਮਿਲਿਆ। ਉਹ ਵੀ ਮੁਫਤ ਵਿੱਚ।

ਉਸ ਦੀ ਪਤਨੀ ਨੇ ਉਸ ਵੱਲ ਵੇਖਦੇ ਹੋਏ ਕਿਹਾ- ਆਪ ਸਚਮੁੱਚ ਬੜੇ ਚਲਾਕ ਹੋ। ਆਪ ਨੇ ਤਾਂ ਇਕ ਤੀਰ ਨਾਲ ਦੋ ਸ਼ਿਕਾਰ ਕਰ ਲਏ। ਫਿਰ ਉਹ ਦੋਵੇਂ ਜ਼ੋਰ-ਜ਼ੋਰ ਨਾਲ ਹੱਸਣ ਲੱਗੇ।



❒ ਜਗਤਾਰ ਚਮਨ

# ਬੈਡਮਿੰਟਨ ਦੀ 'ਗੋਲਡਨ ਗਰਲ' ਬਣੀ ਪੀ.ਵੀ. ਸਿੰਧੂ




ਬੇਸੇਲ (ਸਵਿਟਜ਼ਰਲੈਂਡ)। ਭਾਰਤ ਦੀ ਸਟਾਰ ਸ਼ਟਲਰ ਪੀ.ਵੀ. ਸਿੰਧੂ ਵਰਲਡ ਬੈਡਮਿੰਟਨ ਚੈਂਪੀਅਨਸ਼ਿਪ ਵਿੱਚ ਗੋਲਡ ਮੈਡਲ ਜਿੱਤਣ ਵਾਲੀ ਪਹਿਲੀ ਭਾਰਤੀ ਬਣ ਗਈ ਹੈ। ਸਿੰਧੂ ਨੇ ਇਸ ਟੂਰਨਾਮੈਂਟ ਦੇ ਫਾਈਨਲ ਵਿੱਚ ਜਾਪਾਨ ਦੀ ਨਾਓਮੀ ਓਕੋਹਾਰਾ ਨੂੰ 38 ਮਿੰਟ ਦੇ ਮੁਕਾਬਲੇ ਵਿੱਚ 21-7, 21-7 ਨਾਲ ਹਰਾਇਆ। ਸਿੰਧੂ ਨੇ ਇਸ ਦੇ ਨਾਲ ਹੀ ਦੋ ਸਾਲ ਪਹਿਲਾਂ ਇਸੇ ਟੂਰਨਾਮੈਂਟ ਦੇ ਫਾਈਨਲ ਵਿੱਚ ਓਕੋਹਾਰਾ ਤੋਂ ਮਿਲੀ ਹਾਰ ਦਾ ਬਦਲਾ ਵੀ ਲੈ ਲਿਆ। ਸਿੰਧੂ ਅਤੇ ਓਕੋਹਾਰਾ ਦੇ ਵਿੱਚ ਇਹ 16ਵੀਂ ਭਿੜਤ ਸੀ। ਸਿੰਧੂ ਨੇ ਉਸ ਨਾਲ ਜਿੱਤ-ਹਾਰ ਦੇ ਰਿਕਾਰਡ ਨੂੰ ਸੁਧਾਰਦੇ ਹੋਏ ਇਹਨੂੰ 9-7ਕੀਤਾ। ਸਿੰਧੂ 2013 ਵਿੱਚ ਪਹਿਲੀ ਵਾਰ ਇਸ ਵਰਲਡ ਚੈਂਪੀਅਨਸ਼ਿਪ ਵਿੱਚ ਖੇਡੀ, ਤਦ ਤੋਂ ਇਸ ਵਿੱਚ 21 ਮੈਚ ਜਿੱਤ ਚੁੱਕੀ ਹੈ।

ਸਾਲ 2017 ਅਤੇ 2018 ਦੇ ਵਰਲਡ ਚੈਂਪੀਅਨਸ਼ਿਪ ਦੇ ਫਾਈਨਲ ਵਿੱਚ ਇਸ ਭਾਰਤੀ ਸ਼ਟਲਰ ਦੇ ਹੱਥੋਂ ਗੋਲਡ ਮੈਡਲ ਫਿਸਲ ਗਿਆ। ਲਗਾਤਾਰ ਦੋ ਫਾਈਨਲ ਹਾਰਨ ਦੇ ਬਾਵਜੂਦ ਸਿੰਧੂ ਹਿੰਮਤ ਨਹੀਂ ਹਾਰੀ ਅਤੇ ਲਗਾਤਾਰ ਤੀਸਰੇ ਸਾਲ ਵੀ ਉਹ ਇਸ ਟੂਰਨਾਮੈਂਟ ਦੇ ਫਾਈਨਲ ਵਿੱਚ ਜਗ੍ਹਾ ਬਣਾਉਣ ਵਿੱਚ ਸਫਲ ਰਹੀ। ਇਥੇ ਖਿਤਾਬ ਦੇ ਵਿੱਚ ਇਕ ਵਾਰ ਫਿਰ ਜਾਪਾਨ ਦੀ ਨਾਓਮੀ ਓਕੋਹਾਰਾ ਸੀ ਜਿਸ ਨੇ ਸਾਲ 2017 ਵਿੱਚ ਸਿੰਧੂ ਦਾ ਸੋਨਾ ਜਿੱਤਣ ਦਾ ਸੁਪਨਾ ਤੋੜਿਆ ਸੀ। ਲੇਕਿਨ ਸਿੰਧੂ ਨੂੰ ਇਸ ਵਾਰ ਸਿਲਵਰ ਨਾਲ ਸੰਤੋਸ਼ ਨਹੀਂ ਕਰਨਾ ਸੀ ਅਤੇ ਉਸ ਨੇ ਦਬਦਬੇ ਭਰਿਆ ਖੇਡ ਦਿਖਾਉਂਦੇ ਹੋਏ 21-07,21-7 ਨਾਲ ਮੁਕਾਬਲਾ ਆਪਣੇ ਨਾਮ ਕਰਦੇ ਹੋਏ ਇਤਿਹਾਸ ਰਚ ਦਿੱਤਾ।

### ਸਾਲ ਦਾ ਪਹਿਲਾ ਖ਼ਿਤਾਬ :

ਸਿੰਧੂ ਦਾ ਇਸ ਸਾਲ ਦਾ ਇਹ ਪਹਿਲਾ ਖ਼ਿਤਾਬ ਹੈ। ਉਸ ਨੇ ਇਸ ਟੂਰਨਾਮੈਂਟ ਵਿੱਚ ਉਤਰਨ ਤੋਂ ਪਹਿਲਾਂ ਕੁਲ 28 ਇੰਟਰਨੈਸ਼ਨਲ ਮੈਚ ਖੇਡੇ ਸਨ ਜਿਹਨਾਂ ਵਿਚੋਂ 19 ਵਿਚੋਂ ਜਿੱਤ ਮਿਲੀ ਸੀ। ਉਹ ਕੇਵਲ ਇੰਡੋਨੇਸ਼ੀਆ ਓਪਨ ਵਿੱਚ ਹੀ ਖ਼ਿਤਾਬ ਦੇ ਨੇੜੇ ਪਹੁੰਚੀ ਸੀ ਜਿਥੇ ਉਸ ਨੂੰ ਸਿਲਵਰ ਨਾਲ ਸੰਤੋਸ਼ ਕਰਨਾ ਪਿਆ ਸੀ।

### ਚੈਂਪੀਅਨਸ਼ਿਪ ਦਾ 9ਵਾਂ ਮੈਡਲ :

ਸਿੰਧੂ ਦਾ ਇਸ ਚੈਂਪੀਅਨਸ਼ਿਪ ਦਾ ਪੰਜਵਾਂ ਜਦਕਿ ਭਾਰਤ ਦਾ ਕੁਲ 9ਵਾਂ ਮੈਡਲ ਹੈ।

# ਹਾਸਾ ਖੇਡਾ

ਰਵੀ : (ਮੋਹਨ ਨੂੰ) ਉਸ ਦਿਨ ਮੈਂ ਕ੍ਰਿਕਟ ਦੇ ਮੈਚ ਵਿਚ ਇਹੋ ਜਿਹਾ ਸ਼ਾਟ ਮਾਰਿਆ ਕਿ ਦਰਸ਼ਕਾਂ ਦੇ ਨਾਲ-ਨਾਲ ਸਾਰੇ ਖਿਡਾਰੀ ਵੀ ਭੱਜ ਗਏ।

ਮੋਹਨ : ਇਹੋ ਜਿਹੀ ਕਿਹੜੀ ਗੱਲ ਹੋਈ?

ਰਵੀ : ਦਰਅਸਲ ਗੇਂਦ ਮਧੂਮੱਖੀ ਦੇ ਛੱਤੇ ਨਾਲ ਜਾ ਟਕਰਾਈ ਸੀ।

* * * *

ਇਕ ਵਿਅਕਤੀ ਨੇ ਇਕ ਦਿਨ ਡਾਕਟਰ ਨੂੰ ਫੋਨ ਕੀਤਾ ਅਤੇ ਪੁੱਛਿਆ - ਡਾ. ਸਾਹਿਬ ! ਇਕ ਮਹੀਨੇ ਪਹਿਲਾਂ ਤੁਹਾਡੇ ਕੋਲ ਜ਼ੁਕਾਮ ਅਤੇ ਸਰਦੀ ਦੇ ਇਲਾਜ ਲਈ ਆਇਆ ਸੀ। ਤਦ ਤੁਸੀਂ ਮੈਨੂੰ ਨਹਾਉਣ ਲਈ ਮਨਾ ਕੀਤਾ ਸੀ।



ਡਾਕਟਰ : ਤਾਂ ਫਿਰ !

ਵਿਅਕਤੀ : ਕੀ ਹੁਣ ਮੈਂ ਨਹਾ ਸਕਦਾ ਹਾਂ?

- ਨੀਰਜ ਚੌਧਰੀ

ਇਕ ਦਿਨ ਕਾਲਿਜ ਵਿਚ ਸ਼ਾਮੂ ਨੂੰ ਕਿਸੇ ਨੇ ਪੁੱਛਿਆ ਕਿ ਹੁਣ ਤੁਸੀਂ ਕਾਲਿਜ ਵਿਚ ਕੱਲੇ ਆਉਂਦੇ ਹੋ? ਤੁਹਾਡਾ ਕੁੱਤਾ ਤੁਹਾਡੇ ਨਾਲ ਨਹੀ ਆਉਂਦਾ।



ਸ਼ਾਮੂ ਬੋਲਿਆ : ਜਦੋਂ ਮੈਂ ਬੀ.ਏ ਕਰ ਰਿਹਾ ਸੀ ਤਾਂ ਉਦੋਂ ਕੁੱਤਾ ਮੇਰੇ ਨਾਲ ਆਉਂਦਾ ਸੀ.ਹੁਣ ਉਸਨੇ ਡਿਗਰੀ ਪਾਸ ਕਰ ਲਈ ਹੁਣ ਉਹ ਘਰ ਰਹਿੰਦਾ ਹੈ।

* * * *

ਚਾਚੀ ਜੀ : ਬੇਟਾ ! ਕਿੱਥੇ ਜਾ ਰਹੇ ਹੋ?

ਦਿਨੇਸ਼ : ਇਕ ਸਾਧੂ ਮਹਾਰਾਜ ਦੇ ਪ੍ਰਵਚਨ ਸੁਣਨ।

ਚਾਚੀ : ਨਾ ਬੱਦਲ ਹੈ ਨਾ ਮੀਂਹ ਫਿਰ ਇਹ ਛੱਤਰੀ ਕਿਉਂ?

ਦਿਨੇਸ਼ : ਸਾਧੂ ਮਹਾਰਾਜ ਉਥੇ ਗਿਆਨ ਦੀ ਵਰਖਾ ਕਰਨ ਵਾਲੇ ਹਨ।

- ਬਬਲੂ ਕੁਮਾਰ

* * * *

ਇਕ ਗੁਆਂਢੀ : (ਦੂਜੇ ਗੁਆਂਢੀ ਨੂੰ) ਤਿੰਨ ਬੁਲਾਉ ਅਤੇ ਤੇਰ੍ਹਾਂ ਆ ਜਾਣ ਤਾਂ ਕੀ ਕੀਤਾ ਜਾਏ?

ਦੂਜਾ ਗੁਆਂਢੀ : ਫੌਰਨ 'ਨੌ ਦੋ ਗਿਆਰਾਂ' ਹੋ ਜਾਣ ਵਿਚ ਹੀ ਭਲਾਈ ਹੈ।

- ਰਾਹੁਲ ਕੁਮਾਰ (ਸੰਤ ਨਗਰ)



ਇਕ ਆਲਸੀ ਆਦਮੀ ਜਾਮੁਨ ਦੇ ਰੁੱਖ ਥੱਲੇ ਬੈਠਾ ਸੀ। ਉਸਨੇ ਉਧਰ ਇਕ ਆਦਮੀ ਨੂੰ ਜਾਂਦੇ ਵੇਖਿਆ ਅਤੇ ਬੁਲਾਇਆ -

ਆਲਸੀ ਆਦਮੀ :
(ਦੂਸਰੇ ਆਦਮੀ ਨੂੰ) ਭਾਈ ਮੇਰਾ ਇਕ ਕੰਮ ਕਰ ਦੇ।

ਦੂਸਰਾ ਆਦਮੀ : ਕੀ?

ਆਲਸੀ ਆਦਮੀ : ਭਾਈ ਜ਼ਰਾ ਮਿਹਰਬਾਨੀ ਕਰਕੇ ਇਹ ਜਾਮੁਨ ਮੇਰੇ ਮੂੰਹ ਵਿਚ ਪਾ ਦੇ।

(ਦੂਸਰਾ ਆਦਮੀ ਜਾਮੁਨ ਮੂੰਹ ਵਿਚ ਪਾ ਕੇ ਜਾਣ ਲਗਦਾ ਹੈ।)

ਆਲਸੀ ਆਦਮੀ : ਭਾਈ ਜਾ ਕਿੱਥੇ ਰਿਹਾ ਹੈ, ਗਿੱਟਕ ਤਾਂ ਕੱਢਦਾ ਜਾ।

****

ਗੱਬਰ : ਉਏ ਸਾਂਬਾ ! ਇਹ ਮੱਛਰ ਹੁਣ ਵੀ ਕਿਉਂ ਭਿਨ-ਭਿਨਾ ਰਹੇ ਹਨ?

ਸਾਂਬਾ : ਸਰਦਾਰ ਇਹ ਮੱਛਰ ਨਹੀਂ ਮੱਛਰੀਆਂ ਹਨ ਜੋ ਮੱਛਰਾਂ ਦੇ ਮਰਨ ਤੇ ਵਿਲਾਪ ਕਰ ਰਹੀਆਂ ਹਨ।

- ਸਨੀ ਨਿਰੰਕਾਰੀ

ਇਕ ਕਾਰ ਬੜੀ ਤੇਜ਼ ਰਫਤਾਰ ਨਾਲ ਜਾ ਰਹੀ ਸੀ। ਰਸਤੇ ਵਿਚ ਇਕ ਤੋਤਾ ਕਾਰ ਨਾਲ ਟਕਰਾ ਕੇ ਡਿਗ ਪਿਆ ਤੇ ਬੇਹੋਸ਼ ਹੋ ਗਿਆ।

ਕਾਰ ਡਰਾਈਵਰ ਨੇ ਤੋਤੇ ਨੂੰ ਚੁਕ ਕੇ ਪਿੰਜਰੇ ਵਿਚ ਪਾ ਕੇ ਆਪਣੇਂ ਘਰ ਰਖ ਲਿਆ।

ਜਦ ਤੋਤੇ ਨੂੰ ਹੋਸ਼ ਆਈ ਤਾਂ ਉਹਨੇ ਆਪਣੇਂ ਆਪ ਨੂੰ ਪਿੰਜਰੇ ਵਿਚ ਬੰਦ ਵੇਖ ਕੇ ਹੈਰਾਨੀ ਨਾਲ ਕਿਹਾ- ਹਾਏ ਰੱਬਾ ! ਕਾਰ ਡਰਾਈਵਰ ਮਰ ਗਿਆ।

***



ਇਕ ਹੋਟਲ ਵਿਚ ਪਤੀ ਪਤਨੀ ਰਾਤ ਠਹਿਰਣ ਤੋਂ ਬਾਅਦ ਬਿਲ ਦੇ ਕੇ ਜਾਣ ਲੱਗੇ ਤਾਂ ਅਚਾਨਕ ਉਹਨਾਂ ਦੀ ਨਜ਼ਰ ਗੇਟ ਦੇ ਅੰਦਰਲੇ ਪਾਸੇ ਲੱਗੇ ਬੋਰਡ ਤੇ ਪੈ ਗਈ। ਜਿਸ ਉੱਪਰ ਲਿਖਿਆ ਸੀ-''ਦੇਖੋ ਤੁਹਾਡਾ ਕੁਝ ਰਹਿ ਤਾਂ ਨਹੀ ਗਿਆ।'' ਬੋਰਡ ਪੜ ਕੇ ਪਤੀ ਪਤਨੀ ਵਾਪਸ ਮੁੜ ਕੇ ਹੋਟਲ ਦੇ ਮੈਨੇਜਰ ਨੂੰ ਕਹਿੰਦੇ ਕਿ ਇਹ ਬੋਰਡ ਤੇ ਗਲਤ ਲਿਖਿਆ ਹੈ। ਅਸਲ ਵਿਚ ਲਿਖਣਾਂ ਇਹ ਚਾਹੀਦਾ ਸੀ- ਦੇਖੋ ਤੁਹਾਡੇ ਕੋਲ ਕੁਝ ਰਹਿ ਤਾਂ ਨਹੀ ਗਿਆ।

- ਨਿਹਾਰਿਕਾ ਕੰਡਾ



ਪ੍ਰੇਰਕ-ਪ੍ਰਸੰਗ – ਪੀ. ਸਿੰਘ ਢਿੱਲੋਂ

# ਆਪਣਾ-ਆਪਣਾ ਸੁਭਾਅ

ਢੁਲਾਂ ਦੀ ਘਾਟੀ'ਚ ਇੱਕ ਪਿੰਡ ਸੀ। ਪਿੰਡ ਤੋਂ ਬਾਹਰ ਹਰਿਆਲੀ ਅਤੇ ਖੇਤ ਸਨ। ਘਾਟੀ'ਚ ਉਤਰਦਾ ਹੋਇਆ ਇੱਕ ਪਤਲਾ ਜਿਹਾ ਝਰਨਾ ਖੇਤਾਂ ਅਤੇ ਮੈਦਾਨਾਂ ਚੋਂ ਹੋ ਕੇ ਵਗ ਰਿਹਾ ਸੀ। ਦੂਰ ਮੈਦਾਨ'ਚ ਪਸ਼ੂ ਘਾਹ ਚਰ ਰਹੇ ਸਨ। ਵਗਦੇ ਪਾਣੀ ਕੋਲ ਚਾਰ-ਪੰਜ ਲੜਕੇ ਖੜੇ ਸਨ ਜੋ ਪੱਥਰ ਦੇ ਛੋਟੇ-ਛੋਟੇ ਟੁਕੜੇ ਪਾਣੀ'ਚ ਸੁੱਟ ਰਹੇ ਸਨ।

ਉਧਰੋਂ ਇੱਕ ਫਕੀਰ ਜਾ ਰਿਹਾ ਸੀ। ਬੱਚਿਆਂ ਨੂੰ ਵੇਖ ਕੇ ਫਕੀਰ ਨੇ ਪੁੱਛਿਆ, 'ਬੱਚਿਓ ਕੀ ਹੈ ! ਬੱਚੇ ਬੋਲੇ- ਬਾਬਾ ਜੀ ਠੂੰਹਾਂ ਹੈ ਅਤੇ ਬਹੁਤ ਹੀ ਜਹਿਰੀਲਾ ਹੈ। ਉਸੇ ਨੂੰ ਮਾਰ ਰਹੇ ਹਾਂ। ਬੱਚਿਆਂ ਨੂੰ ਪੱਥਰ ਮਾਰਨੋ ਮਨਾ ਕਰਦਿਆਂ ਫਕੀਰ ਉਸ ਪਾਸੇ ਵਧਿਆ ਅਤੇ ਵਗਦੇ ਪਾਣੀ'ਚੋਂ ਠੂੰਹੇਂ ਨੂੰ ਕੱਢਣ ਲੱਗਿਆ। ਫਕੀਰ ਨੇ ਹੱਥਾਂ ਦੀ ਤਲੀ ਉਤੇ ਠੂੰਹੇਂ ਨੂੰ ਚੁੱਕਿਆ। ਉਸ ਨੇ ਪਾਣੀ ਤੋਂ ਥੋੜਾ ਉਪਰ ਹੀ ਚੁੱਕਿਆ ਸੀ ਕਿ ਠੂੰਹੇਂ ਨੇ ਡੰਗ ਮਾਰ ਦਿੱਤਾ। ਫਕੀਰ ਦਾ ਹੱਥ ਹਿੱਲ ਗਿਆ ਅਤੇ ਠੂੰਹਾਂ ਪਾਣੀ ਵਿਚ ਫਿਰ ਡਿੱਗ ਪਿਆ।

ਫਕੀਰ ਨੇ ਫਿਰ ਠੂੰਹੇਂ ਨੂੰ ਫੜ ਕੇ ਚੁੱਕਿਆ। ਪਾਣੀ ਚੋਂ ਥੋੜਾ ਉਪਰ ਆਉਦਿਆਂ ਹੀ ਠੂੰਹੇਂ ਨੇ ਫਿਰ ਡੰਗ ਮਾਰਿਆ। ਠੂੰਹਾਂ ਫਿਰ ਪਾਣੀ ਵਿਚ ਡਿੱਗ ਪਿਆ ਅਤੇ ਪਾਣੀ ਵਿਚ ਡੁੱਬਣ ਲੱਗਿਆ। ਫਕੀਰ ਫਿਰ ਹੱਥ ਝਟਕ ਕੇ ਰਹਿ ਗਿਆ। ਇਸ ਤਰ੍ਹਾਂ ਠੂੰਹਾਂ ਵਾਰ-ਵਾਰ ਪਾਣੀ ਵਿਚ ਡਿੱਗਦਾ ਰਿਹਾ। ਅਖੀਰ ਫਕੀਰ ਨੇ ਠੂੰਹੇਂ ਨੂੰ ਕੱਢ ਕੇ ਝਾੜੀ' ਚ ਸੁੱਟ ਦਿੱਤਾ।

ਫਕੀਰ ਨੂੰ ਸਾਰੇ ਬੱਚੇ ਹੈਰਾਨ ਹੋ ਕੇ ਵੇਖ ਰਹੇ ਸਨ। ਇੱਕ ਬੱਚੇ ਨੇ ਪੁੱਛਿਆ, ''ਬਾਬਾ ਜੀ! ਠੂੰਹਾਂ ਤੁਹਾਨੂੰ ਵਾਰ-ਵਾਰ ਡੰਗ ਮਾਰਦਾ ਰਿਹਾ। ਤੁਹਾਡੇ ਹੱਥ ਚ ਦਰਦ ਹੁੰਦਾ ਰਿਹਾ, ਫਿਰ ਵੀ ਤੁਸੀਂ ਉਸ ਨੂੰ ਬਚਾ ਕੇ ਝਾੜੀ'ਚ ਸੁੱਟ ਦਿੱਤਾ। ਠੂੰਹੇਂ ਨੂੰ ਜਾਨੋਂ ਮਾਰ ਦੇਣਾ ਚਾਹੀਦਾ ਸੀ''

ਬੱਚਿਆਂ ਦੀ ਗੱਲ ਸੁਣ ਕੇ ਫਕੀਰ ਥੋੜਾ ਮੁਸਕਰਾਇਆ। ਉਸ ਨੇ ਆਪਣੀ ਝੋਲੀ ਚੋਂ ਠੂੰਹੇਂ ਦਾ ਜ਼ਹਿਰ ਕੱਢਣ ਵਾਲੀ ਦਵਾਈ ਕੱਢੀ ਅਤੇ ਉਸ ਨੂੰ ਹੱਥ ਤੇ ਮਲਦਾ ਹੋਇਆ ਬੋਲਿਆ, 'ਬੱਚਿਉ ਠੂੰਹਾਂ ਤਾਂ ਡੰਗ ਮਾਰਦਾ ਹੀ ਹੈ।

ਡੰਗ ਮਾਰਨਾ ਇਸ ਦਾ ਸੁਭਾਅ ਹੈ। ਮੈਂ ਇੱਕ ਫਕੀਰ ਹਾਂ। ਮੇਰਾ ਸੁਭਾਅ ਹੈ ਜਾਨ ਬਚਾਉਣਾ। ਜਦੋਂ ਇਹ ਇੱਕ ਛੋਟਾ ਜਿਹਾ ਜੀਵ ਹੋ ਕੇ ਆਪਣੇ ਸੁਭਾਅ ਨੂੰ ਨਹੀ ਛੱਡਦਾ, ਤਾਂ ਭਲਾ ਮੈਂ ਮਨੁੱਖ ਹੋ ਕੇ ਆਪਣੇ ਧਾਰਮਿਕ ਸੁਭਾਅ ਨੂੰ ਕਿਉ ਛੱਡਾਂ- ਇੰਨਾ ਕਹਿ ਕੇ ਫਕੀਰ ਅੱਗੇ ਤੁਰ ਗਿਆ। ■

ਪੇਸ਼ਕਸ਼ : ਵਿਕਾਸ ਅਰੋੜਾ

# ਸਾਧਾਰਣ ਗਿਆਨ ਪ੍ਰਸ਼ਨੋਤਰੀ?



(ਸਭ ਸਵਾਲਾਂ ਦੇ ਜੁਆਬ 'ਈ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)

ਪ੍ਰਸ਼ਨ 1 : "ਖੂਬ ਲੜੀ ਮਰਦਾਨੀ ਵੋ ਤੋ ਝਾਂਸੀ ਵਾਲੀ ਰਾਣੀ ਥੀ।" ਇਹਨਾਂ ਲਾਈਨਾਂ ਵਿਚ ਕਿਸ ਰਾਣੀ ਦਾ ਜ਼ਿਕਰ ਹੈ?

ਪ੍ਰਸ਼ਨ 2 : ਕੈਥੋਲਿਕ ਅਤੇ ਪ੍ਰੋਟੈਸਟੈਂਟ ਕਿਸ ਧਰਮ ਨਾਲ ਸੰਬੰਧਿਤ ਹੈ?

ਪ੍ਰਸ਼ਨ 3 : ਕਿਸ ਮਹੀਨੇ ਦੀ ਪਹਿਲੀ ਤਾਰੀਖ ਨੂੰ ਮਜ਼ਦੂਰ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ?

ਪ੍ਰਸ਼ਨ 4 : ਕਿਸ ਸੰਗੀਤ ਯੰਤਰ ਨਾਲ ਉਸਤਾਦ ਬਿਸਮਿਲਾਹ ਖਾਂ ਸੰਬੰਧਿਤ ਸਨ?

ਪ੍ਰਸ਼ਨ 5 : ਕਿਸ ਰਾਜਪੂਤ ਰਾਜਕੁਮਾਰੀ ਦਾ ਵਿਆਹ ਮੁਗਲ ਸਮਰਾਟ ਅਕਬਰ ਨਾਲ ਹੋਇਆ ਸੀ?

ਪ੍ਰਸ਼ਨ 6 : 'ਨਿਸ਼ਾਨ ਏ ਪਾਕਿਸਤਾਨ' ਪੁਰਸਕਾਰ ਪ੍ਰਾਪਤ ਕਰਨ ਵਾਲੇ ਭਾਰਤੀ ਕੌਣ ਸਨ?

ਪ੍ਰਸ਼ਨ 7 : ਹੱਸਤੀ ਦੁਨੀਆ ਮਰਾਠੀ ਕਿੱਥੇ ਪ੍ਰਕਾਸ਼ਿਤ ਹੁੰਦੀ ਹੈ?

ਪ੍ਰਸ਼ਨ 8 : ਵੀਅਤਨਾਮ ਦੇਸ਼ ਦੀ ਰਾਜਧਾਨੀ ਕਿਹੜੀ ਹੈ?

ਪ੍ਰਸ਼ਨ 9 : ਭਾਰਤ ਦੀ ਸਭ ਤੋਂ ਪੁਰਾਣੀ ਤੇਲ ਰਿਫਾਇਨਰੀ ਆਸਾਮ ਦੇ ਕਿਸ ਸ਼ਹਿਰ ਵਿਚ ਹੈ?

ਪ੍ਰਸ਼ਨ 10 : ਮਹਾਤਮਾ ਗਾਂਧੀ ਦੀ ਮਾਤਾ ਦਾ ਕੀ ਨਾਂ ਸੀ?

ਪ੍ਰਸ਼ਨ 11 : ਸੰਸਾਰ ਦੀ ਸਭ ਤੋਂ ਉਚੀ ਚੋਟੀ ਮਾਊਂਟ ਐਵਰੈਸਟ ਤੇ ਚੜਨ ਵਾਲੀ ਪਹਿਲੀ ਔਰਤ ਕੌਣ ਸੀ?

ਪ੍ਰਸ਼ਨ 12 : ਕਿਸੇ ਰੁੱਖ ਨੂੰ ਬੌਨਾਂ ਕਰਨ ਦੀ ਕਲਾ ਨੂੰ ਕੀ ਕਹਿੰਦੇ ਹਨ?

ਪ੍ਰਸ਼ਨ 13 : ਏਸ਼ੀਆ ਦੇ ਕਿਸ ਦੇਸ਼ ਦੀ ਮੁਦਰਾ ਬ੍ਰੁਨੇਈ ਡਾਲਰ ਹੈ?

ਪ੍ਰਸ਼ਨ 14 : ਮੁੰਬਈ ਸ਼ਹਿਰ ਦਾ ਪੁਰਾਣਾ ਨਾਂ ਕੀ ਸੀ

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)



# ਕਿੱਟੀ

ਚਿੱਤਰਕਾਰ ਅਤੇ ਲੇਖਕ - ਅਜੈ ਕਾਲੜਾ







ਮੋਟੂ! ਤੂੰ ਸਜਾਵਟ ਦਾ ਕਿਹੜਾ-ਕਿਹੜਾ ਸਮਾਨ ਲਿਆਇਆ ਹੈ?
ਅਰੇ! ਵਾਹ ਕਿੰਨੀਆਂ ਸੁੰਦਰ-ਸੁੰਦਰ ਚੀਜ਼ਾਂ ਹਨ।
ਚਲੋ! ਚਲੋ! ਆਪਣੀ ਕਲਾਸ ਨੂੰ ਸਜਾਉਂਦੇ ਹਾਂ।
ਮੋਟੂ ਮੈਨੂੰ ਵੀ ਤਾਂ ਮਿਠਾਈ ਦੇ।
ਹਾਂ ਹੁਣੇ ਦਿੰਦਾ ਹਾਂ।
ਅਸੀ ਸਾਰੇ ਸ਼ਾਮ ਨੂੰ ਮਿਲ ਕੇ ਦੀਵਾਲੀ ਮਨਾਵਾਂਗੇ।
ਹਾਂ! ਹਾਂ! ਬਹੁਤ ਮਜ਼ਾ ਆਏਗਾ।


ਤੁਸੀਂ ਸਾਰੇ ਸ਼ਾਮ ਨੂੰ ਮੇਰੇ ਘਰ ਆ ਜਾਣਾ। ਅਸੀਂ ਸਾਰੇ ਉਥੇ ਦੀਵਾਲੀ ਮਨਾਵਾਂਗੇ।
ਅਸੀਂ ਸਾਰੇ ਪਟਾਖੇ ਵੀ ਚਲਾਵਾਂਗੇ।
ਨਹੀਂ! ਨਹੀਂ ਇਸ ਵਾਰ ਅਸੀਂ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਵਾਂਗੇ।
ਕਿੱਟੀ! ਅਸੀਂ ਸਾਰੇ ਆ ਗਏ।
ਕਿੱਟੀ! ਚਲੋ ਅਸੀਂ ਸਾਰੇ ਮਿਲ ਕੇ ਦੀਵੇ ਜਗਾਉਂਦੇ ਹਾਂ।
ਚਲੋ ਚਿੰਟੂ! ਚੁਪ-ਚਾਪ ਬਾਹਰ ਜਾ ਕੇ ਪਟਾਖੇ ਚਲਾਉਂਦੇ ਹਾਂ।
ਠੀਕ ਹੈ, ਪਰ ਕਿੱਟੀ ਨਾ ਵੇਖ ਲਏ।


ਮੈਂ ਤੁਹਾਨੂੰ ਮਨਾ ਕੀਤਾ ਸੀ ਨਾ ਬੰਬ ਪਟਾਖੇ ਨਾ ਚਲਾਉ।
ਕਿੱਟੀ! ਲੇਕਿਨ ਬਿਨਾ ਬੰਬ-ਪਟਾਖੇ ਦੇ ਦੀਵਾਲੀ ਦਾ ਮਜ਼ਾ ਕਿਵੇਂ ਆਏਗਾ?
ਸਾਨੂੰ ਟੀਚਰ ਨੇ ਦੱਸਿਆ ਸੀ ਕਿ ਬੰਬ-ਪਟਾਖੇ ਚਲਾਉਣ ਨਾਲ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ ਅਤੇ ਧੂੰਏਂ ਨਾਲ ਬੀਮਾਰੀ ਫੈਲਦੀ ਹੈ।
ਕਿੱਟੀ! ਤੂੰ ਠੀਕ ਕਹਿ ਰਹੀ ਹੈ। ਅਸੀ ਦੀਵੇ ਜਗਾ ਕੇ ਹੀ ਸਭ ਪਾਸੇ ਰੋਸ਼ਨੀ ਕਰਾਂਗੇ।

ਕਹਾਣੀ : ਵਿਪਿਨ ਕੁਮਾਰ

# ਪਛਤਾਵਾ

ਬੰਟੀ ਬਾਂਦਰ ਦੋ ਦਿਨਾਂ ਤੋਂ ਹਸਪਤਾਲ ਵਿੱਚ ਭਰਤੀ ਸੀ। ਉਸਦੇ ਇਕ ਪੈਰ ਦੀ ਹੱਡੀ ਟੁੱਟ ਗਈ ਸੀ ਅਤੇ ਪੂਰੇ ਸਰੀਰ ਵਿੱਚ ਕਾਫੀ ਸੱਟ ਲੱਗੀ ਸੀ। ਹਸਪਤਾਲ ਦੇ ਡਾਕਟਰਾਂ ਦੇ ਅਨੁਸਾਰ ਬੰਟੀ ਬਾਂਦਰ ਨੂੰ ਘੱਟ ਤੋਂ ਘੱਟ ਦੋ ਹਫ਼ਤੇ ਹਸਪਤਾਲ ਵਿੱਚ ਹੀ ਰਹਿਣਾ ਪਏਗਾ।

ਬੰਟੀ ਬਾਂਦਰ ਨੇ ਇਹ ਆਫਤ ਜਾਣ-ਬੁਝ ਕੇ ਮੁੱਲ ਲਈ। ਇਕ ਮਹੀਨਾ ਪਹਿਲਾਂ ਹੀ ਉਸ ਨੇ ਕਾਫੀ ਜ਼ਿੱਦ ਕਰਕੇ ਆਪਣੇ ਪਿਤਾ ਜੀ ਤੋਂ ਨਵੀਂ ਸਾਈਕਲ ਖਰੀਦ ਲਈ ਸੀ।

ਅਸਲ ਵਿੱਚ ਘਰ ਦੇ ਕਿਸੇ ਵੀ ਮੈਂਬਰ ਦੀ ਇੱਛਾ ਬੰਟੀ ਬਾਂਦਰ ਨੂੰ ਸਾਈਕਲ ਖਰੀਦ ਕੇ ਦੇਣ ਦੀ ਨਹੀਂ ਸੀ। ਮਾਂ ਸਮਝਾਉਂਦੀ- ਬੇਟਾ, ਹਾਂਲਾ ਛੋਟੇ ਹੋ।

ਪਿਤਾ ਜੀ ਕਹਿੰਦੇ - ਪਹਿਲਾਂ ਸਾਈਕਲ ਚਲਾਉਣਾ ਸਿਖ ਲੈ। ਫਿਰ ਖਰੀਦ ਦੇਵਾਂਗੇ.....।

ਬੰਟੀ ਨੇ ਕਿਸੇ ਦੀ ਗੱਲ ਨਹੀਂ ਮੰਨੀ। ਇਕ ਦਿਨ ਤਾਂ ਉਸ ਨੇ ਸਾਈਕਲ ਲਈ ਲਗਭਗ ਭੁੱਖ-ਹੜਤਾਲ ਹੀ ਕਰ ਦਿੱਤੀ।

ਸਾਈਕਲ ਆਉਂਦੇ ਹੀ ਬੰਟੀ ਬਾਂਦਰ ਦੇ ਪੈਰ ਹੁਣ ਜ਼ਮੀਨ ਤੇ ਨਹੀਂ ਸਨ ਪੈਂਦੇ। ਉਹ ਸਾਈਕਲ ਚਲਾਉਂਦਾ ਤਾਂ ਲੱਗਦਾ ਕਿ ਹੈਲੀਕਾਪਟਰ ਉਡਾ ਰਿਹਾ ਹੋਵੇ। ਸਾਈਕਲ ਨਾਲ ਤਰ੍ਹਾਂ-ਤਰ੍ਹਾਂ ਦੇ ਖਿਲਵਾੜ ਕਰਦਾ। ਕਦੇ ਦੂਸਰੇ ਸਾਥੀਆਂ ਨਾਲ ਰੇਸ ਲਗਾਉਂਦਾ ਤਾਂ ਕਦੇ ਚਲਦੀ ਸੜਕ ਤੇ ਵੀ ਹੈਂਡਲ ਛੱਡ ਕੇ ਸਾਈਕਲ ਚਲਾਉਂਦਾ। ਸਾਈਕਲ ਚਲਾਉਂਦੇ ਵਕਤ ਨਾ ਤਾਂ ਉਹ ਸੜਕ ਦੇ ਸੱਜੇ-ਖੱਬੇ ਦਾ ਖਿਆਲ ਕਰਦਾ, ਨਾ ਹੀ ਬ੍ਰੇਕ ਲਗਾਉਂਦਾ ਅਤੇ ਨਾ ਹੀ ਘੰਟੀ ਵਜਾਉਂਦਾ।

ਇਕ ਦਿਨ ਉਹ ਤੇਜ਼ੀ ਨਾਲ ਸਾਈਕਲ ਚਲਾਉਂਦੇ ਹੋਏ ਸਕੂਲ ਕੈਂਪ ਵਿੱਚ ਗਿਆ ਅਤੇ ਸਕੂਲ ਦੀ ਹੈਡਮਿਸਟ੍ਰੇਸ ਰਾਣੀ ਬਾਂਦਰੀ ਦੇ ਪੈਰ ਤੇ ਹੀ ਸਾਈਕਲ ਚੜਾ ਦਿੱਤੀ। ਰਾਣੀ ਬਾਂਦਰੀ ਦੇ ਪੈਰ ਵਿੱਚ ਮੋਚ ਆ ਗਈ। ਬੱਚਾ ਸਮਝ ਕੇ ਗਲਤੀ ਮੰਨਦੇ ਹੋਏ ਹੈਡ ਮਿਸਟ੍ਰੇਸ ਨੇ ਝਾੜ-ਝੰਬ ਕੇ ਛੱਡ ਦਿੱਤਾ।

ਪ੍ਰੰਤੂ ਅਗਲੇ ਹੀ ਦਿਨ ਉਸ ਨੇ ਪੀਲੂ ਖਰਗੋਸ਼ ਨੂੰ ਧੱਕਾ ਮਾਰ ਦਿੱਤਾ। ਪੀਲੂ ਖਰਗੋਸ਼ ਸਕੂਲ ਦਾ ਬਹੁਤ ਹੀ ਸਿੱਧਾ-ਸਾਧਾ ਅਤੇ ਪੜਨ ਵਿੱਚ ਤੇਜ਼ ਵਿਦਿਆਰਥੀ ਸੀ। ਸਾਈਕਲ ਦੇ ਧੱਕੇ ਨਾਲ ਪਹਿਲਾਂ ਤੋਂ ਹੀ ਬੀਮਾਰ ਚੱਲ ਰਹੇ ਪੀਲੂ ਖਰਗੋਸ਼ ਦੀ ਪਿੱਠ ਤੇ ਕਾਫੀ ਸੱਟ ਲੱਗੀ। ਦਰਦ ਨਾਲ ਪ੍ਰੇਸ਼ਾਨ ਪੀਲੂ ਖਰਗੋਸ਼ ਕਈ ਦਿਨਾਂ ਤਕ ਸਕੂਲ ਨਹੀਂ ਆਇਆ।

ਪੀਲੂ ਖਰਗੋਸ਼ ਦੇ ਪਿਤਾ ਜੀ ਵਕੀਲ ਸਨ। ਉਹ ਆ ਕੇ ਹੈਡਮਿਸਟ੍ਰਿਸ ਨੂੰ ਬੰਟੀ ਬਾਂਦਰ ਦੀ ਸ਼ਿਕਾਇਤ ਕਰ ਗਏ। ਮੈਡਮ ਨੇ ਬੰਟੀ ਨੂੰ ਰੈਡ ਕਾਰਡ ਫੜਾ ਦਿੱਤਾ। ਰੈਡ ਕਾਰਡ ਮਿਲਦੇ ਹੀ ਬੰਟੀ ਬਾਂਦਰ ਦੇ ਪਿਤਾ ਜੀ ਸਕੂਲ ਆਏ। ਉਹਨਾਂ ਨੇ ਮੈਡਮ ਅਤੇ ਪੀਲੂ ਖਰਗੋਸ਼ ਦੇ ਵਕੀਲ ਪਿਤਾ ਤੋਂ ਮਾਫ਼ੀ ਮੰਗੀ।





-ਮੈਂ ਆਪ ਦੋਹਾਂ ਤੋਂ ਆਪਣੇ ਬੇਟੇ ਦੀ ਗਲਤੀ ਲਈ ਮਾਫ਼ੀ ਮੰਗਦਾ ਹਾਂ। ਹੁਣ ਬੰਟੀ ਦੁਬਾਰਾ ਅਜਿਹੀ ਗਲਤੀ ਨਹੀਂ ਕਰੇਗਾ।

ਲੇਕਿਨ ਬੰਟੀ ਕਦ ਮੰਨਣ ਵਾਲਾ ਸੀ। ਇਕ ਦਿਨ ਉਸ ਨੇ ਸੜਕ ਦੇ ਕਿਨਾਰੇ ਖੜੇ ਇਕ ਰਿਕਸ਼ੇ ਵਿੱਚ ਪਿਛੋਂ ਧੱਕਾ ਮਾਰ ਦਿੱਤਾ। ਜਦ ਰਿਕਸ਼ੇ ਵਾਲੇ ਨੇ ਉਸ ਨੂੰ ਝਿੜਕਿਆ ਤਾਂ ਉਹ ਉਸ ਨਾਲ ਲੜਨ ਲਈ ਤਿਆਰ ਹੋ ਗਿਆ।

ਪ੍ਰੰਤੂ ਦੋ ਦਿਨ ਬਾਅਦ ਹੀ ਬੰਟੀ ਬਾਂਦਰ ਨੂੰ ਸਜਾ ਮਿਲ ਹੀ ਗਈ। ਸਕੂਲ ਦੀ ਛੁੱਟੀ ਦੀ ਘੰਟੀ ਵਜਦੇ ਹੀ ਬੰਟੀ ਬਾਂਦਰ ਨੇ ਸਾਈਕਲ ਸਟੈਂਡ ਤੋਂ ਸਾਈਕਲ ਕੱਢ ਕੇ ਤੇਜ਼ੀ ਨਾਲ ਪੈਂਡਲ ਮਾਰਨਾ ਸ਼ੁਰੂ ਕਰ ਦਿੱਤਾ। ਉਹ ਐਨੀ ਤੇਜ਼ੀ ਨਾਲ ਸਾਈਕਲ ਚਲਾ ਰਿਹਾ ਸੀ ਕਿ ਵੇਖਣ ਵਾਲੇ ਦੰਗ ਸਨ।


ਟ੍ਰੈਫਿਕ ਪੁਲਿਸ ਇੰਸਪੈਕਟਰ ਰਾਜੂ ਰਿੱਛ ਨੇ ਆਵਾਜ਼ ਦਿੱਤੀ- ਐਨੀ ਤੇਜ਼ੀ ਨਾਲ ਸਾਈਕਲ ਨਾ ਚਲਾ ਵਰਨਾ.....।

ਬੰਟੀ ਬਾਂਦਰ ਤੇ ਤਾਂ ਜਿਵੇਂ ਤੇਜ਼ ਸਾਈਕਲ ਚਲਾਉਣ ਦਾ ਭੂਤ ਸਵਾਰ ਸੀ। ਉਸ ਦੇ ਘਰ ਦੇ ਰਾਹ ਤੇ ਸੜਕ ਤੇ ਇਕ ਮੋੜ ਸੀ। ਦੂਸਰੇ ਪਾਸਿਉਂ ਆ ਰਹੀ ਜੀਪ ਦਾ ਡਰਾਈਵਰ ਹਾਰਨ ਵਜਾ ਰਿਹਾ ਸੀ।

ਬੰਟੀ ਬਾਂਦਰ ਤੇਜ਼ ਸਾਈਕਲ ਚਲਾਉਣ ਵਿੱਚ ਐਨਾ ਮਗਨ ਸੀ ਕਿ ਉਸ ਨੇ ਉਧਰ ਬਿਲਕੁਲ ਹੀ ਧਿਆਨ ਨਹੀਂ ਦਿੱਤਾ ਅਤੇ ਜੀਪ ਨਾਲ ਟਕਰਾ ਗਿਆ।

ਬੰਟੀ ਬਾਂਦਰ ਦੀ ਸਾਈਕਲ ਜੀਪ ਦੀ ਟੱਕਰ ਨਾਲ ਇਕਦਮ ਚਕਨਾਚੂਰ ਹੋ ਗਈ ਅਤੇ ਬੰਟੀ ਬਾਂਦਰ ਦੂਰ ਜਾ ਡਿਗਿਆ। ਉਹ ਬੇਹੋਸ਼ ਹੋ ਗਿਆ। ਹਸਪਤਾਲ ਲਿਆਉਣ ਤੇ ਜਾਂਚ ਦੇ ਬਾਦ ਡਾਕਟਰਾਂ ਨੇ ਦੱਸਿਆ ਕਿ ਉਸ ਦੇ ਇਕ ਪੈਰ ਦੀ ਹੱਡੀ ਟੁੱਟ ਗਈ ਹੈ।

ਹਸਪਤਾਲ ਵਿੱਚ ਪਏ ਬੰਟੀ ਬਾਂਦਰ ਨੂੰ ਦਰਦ ਦੌਰਾਨ ਵੀ ਰਹਿ-ਰਹਿ ਕੇ ਆਪਣੀ ਗਲਤੀ ਤੇ ਪਛਤਾਵਾ ਹੋ ਰਿਹਾ ਸੀ। ਉਹ ਆਪਣੇ ਆਪ ਹੀ ਬੜਬੜਾਉਂਦਾ - ਕਾਸ਼! ਮੈਂ ਵੱਡਿਆਂ ਦੀ ਗੱਲ ਮੰਨ ਲਈ ਹੁੰਦੀ।





❑ ਕਿਰਣ ਬਾਲਾ

# ਗਜ਼ਬ ਦੀਆਂ ਮੱਕੜੀਆਂ

ਮੱਕੜੀਆਂ ਦੀਆਂ ਹੁਣ ਤਕ 30 ਹਜ਼ਾਰ ਤੋਂ ਵੱਧ ਪ੍ਰਜਾਤੀਆਂ ਦਾ ਅਧਿਐਨ ਹੋ ਚੁੱਕਾ ਹੈ ਅਤੇ ਬਾਕੀ ਵੀਹ ਹਜ਼ਾਰ ਪ੍ਰਜਾਤੀਆਂ ਦਾ ਅਧਿਐਨ ਹੋਣਾ ਬਾਕੀ ਹੈ। ਮੱਕੜੀਆਂ ਸੰਪੂਰਣ ਵਿਸ਼ਵ ਵਿੱਚ ਫੈਲੀਆਂ ਹੋਈਆਂ ਹਨ। ਇਸ ਨਾਲ ਜੁੜੀਆਂ ਅਨੇਕ ਅਜਿਹੀਆਂ ਗੱਲਾਂ ਹਨ ਜੋ ਸਾਨੂੰ ਰੋਮਾਂਚਿਤ ਕਰ ਦਿੰਦੀਆਂ ਹਨ।

❖ ਆਮਤੌਰ ਤੇ ਮੱਕੜੀਆਂ ਜਾਲੇ ਬੁਣ ਕੇ ਉਸ ਵਿੱਚ ਸ਼ਿਕਾਰ ਫਸਾਉਂਦੀਆਂ ਹਨ ਲੇਕਿਨ ਕੁਝ ਪ੍ਰਜਾਤੀ ਦੀਆਂ ਮੱਕੜੀਆਂ ਸਿੱਧੇ ਸ਼ਿਕਾਰ ਵੀ ਕਰਦੀਆਂ ਹਨ।

❖ 'ਆਂਟ ਮਿਮਿਕ ਸਪਾਈਡਰ' ਨਾਮਕ ਮੱਕੜੀ ਦੁਸ਼ਮਣ ਤੋਂ ਬਚਣ ਲਈ ਕੀੜੀ ਵਾਂਗ ਦਿੱਸਣ ਦਾ ਢੌਂਗ ਕਰਦੀ ਹੈ ਕਿਉਂਕਿ ਜ਼ਿਆਦਾਤਰ ਜਾਨਵਰ ਕੀੜੀਆਂ ਨਹੀਂ ਖਾਂਦੇ।

❖ 'ਵਾਟਰ ਸਪਾਈਡਰ' ਨਾਮਕ ਮੱਕੜੀ ਬੜੀ ਆਸਾਨੀ ਨਾਲ ਪਾਣੀ ਵਿੱਚ ਗੋਤਾ ਲਗਾਉਂਦੀ ਹੈ। ਗੋਤਾ ਲਗਾਉਂਦੇ ਸਮੇਂ ਉਹ ਆਪਣੇ ਨਾਲ ਢੇਰ ਸਾਰੀ ਆਕਸੀਜਨ ਵੀ ਲੈ ਜਾਂਦੀ ਹੈ ਜੋ ਕਿ ਇਕ ਬੁਲਬਲੇ ਦੇ ਰੂਪ ਵਿੱਚ ਹੁੰਦੀ ਹੈ।

❖ ਮੱਕੜੀ ਦਾ ਜਾਲਾ ਬੜੇ ਕੰਮ ਦੀ ਚੀਜ਼ ਹੈ। ਇਸਦਾ ਉਪਯੋਗ ਜਟਿਲ ਵਿਗਿਆਨਕ ਉਪਕਰਣਾਂ ਅਤੇ ਯੰਤਰਾਂ ਵਿੱਚ ਕੀਤਾ ਜਾਂਦਾ ਹੈ। ਇਸ ਕਾਰਜ ਲਈ ਵਿਸ਼ੇਸ਼ ਕਿਸਮ ਦੀਆਂ ਮੱਕੜੀਆਂ ਪਾਲੀਆਂ ਜਾਂਦੀਆਂ ਹਨ।

❖ ਗੋਲਿਅਤ ਨਾਮਕ ਮੱਕੜੀ ਸੰਸਾਰ ਦੀ ਸਭ ਤੋਂ ਵੱਡੀ ਮੱਕੜੀ ਹੈ ਜੋ ਕਿ ਸੂਰੀਨਾਮ ਦੇ ਤੱਟੀ ਵਰਖਾ ਜੰਗਲ ਅਤੇ ਫ੍ਰਾਂਸੀਸੀ ਪਾਰਕਾਂ ਵਿੱਚ ਪਾਈ ਜਾਂਦੀ ਹੈ। ਇਸ ਪ੍ਰਜਾਤੀ ਦੀ ਇਕ ਨਰ ਮੱਕੜੀ ਦੀਆਂ ਟੰਗਾਂ ਦਾ ਫੈਲਾਵ ਦੋ ਫੁੱਟ ਤਕ ਹੋ ਸਕਦਾ ਹੈ।

❖ ਆਪ ਨੂੰ ਜਾਣ ਕੇ ਹੈਰਾਨੀ ਹੋਏਗੀ ਕਿ ਇਕ ਮੱਕੜੀ ਅਜਿਹੀ ਵੀ ਸੀ ਜੋ 28 ਸਾਲਾਂ ਤਕ ਜੀਵਤ ਰਹੀ। ਇਹ ਮੈਕਸੀਕੋ ਵਿੱਚ ਫੜੀ ਗਈ ਮਾਦਾ ਥੇਰਾਫੋਸਾਈਡ ਸੀ।

❖ ਮੱਕੜੀ ਦਾ ਸਭ ਤੋਂ ਵੱਡਾ ਜਾਲਾ 28 ਫੁੱਟ ਅਤੇ ਨੌ ਇੰਚ ਤੋਂ ਜ਼ਿਆਦਾ ਘੇਰੇ ਵਾਲਾ ਸੀ ਜਿਸ ਨੂੰ ਉਸ਼ਣਕਟਿਬੰਧੀ ਭੂਮੰਡਲ ਦੇ ਜੀਨਸ ਦੇ ਬੁਨਕਰ ਮੱਕੜੀਆਂ ਨੇ ਬੁਣਿਆ ਸੀ।

❖ ਬ੍ਰਾਜੀਲ ਦੀ ਫੋਨੁਟ੍ਰਿਆ ਜੀਨਸ ਦੀ ਘੁੰਮਣ ਵਾਲੀ ਮੱਕੜੀ ਸਭ ਤੋਂ ਜ਼ਿਅਦਾ ਜ਼ਹਿਰੀਲੀ ਹੁੰਦੀ ਹੈ। ਇਹ ਘਰਾਂ ਵਿੱਚ ਵੜ ਕੇ ਜੁੱਤੀਆਂ ਅਤੇ ਕਪੜਿਆਂ ਵਿੱਚ ਲੁਕ ਜਾਂਦੀ ਹੈ ਅਤੇ ਬੁਰੀ ਤਰ੍ਹਾਂ ਕਟਦੀ ਹੈ ਇਸ ਦੇ ਕੱਟਣ ਨਾਲ ਮੌਤ ਵੀ ਹੋ ਸਕਦੀ ਹੈ।

❖ ਲਿਫਿਸਿਟਯਸ ਵੰਸ਼ ਦੀ ਟ੍ਰੇਪਡੋਰ ਮੱਕੜੀ ਸਭ ਤੋਂ ਦੁਰਲਭ ਹੈ ਜੋ ਕਿ ਦੱਖਣ ਪੂਰਵ ਏਸ਼ੀਆ ਵਿੱਚ ਪਾਈ ਜਾਂਦੀ ਹੈ।

❖ ਅਫਰੀਕਾ ਅਤੇ ਮੱਧਪੂਰਵ ਦੇ ਸੁੱਕੇ ਰੇਗਿਸਤਾਨੀ ਇਲਾਕਿਆਂ ਵਿੱਚ ਪਾਈ ਜਾਣ ਵਾਲੀ ਮੱਕੜੀ ਦੀ ਚਾਲ ਸਭ ਤੋਂ ਤੇਜ਼ 16 ਕਿਲੋਮੀਟਰ ਪ੍ਰਤੀਘੰਟਾ ਹੁੰਦੀ ਹੈ।

# ਕੀ ਤੁਸੀਂ ਜਾਣਦੇ ਹੋ ?



1. ਪਹਿਲੀ ਲਾਲਬੱਤੀ 1868 ਵਿੱਚ ਲੰਦਨ ਦੇ ਚੌਰਾਹੇ ਤੇ ਲੱਗੀ ਸੀ।
2. ਕੈਲੀਫੋਰਨੀਆਂ ਵਿੱਚ ਨਹਾਉਣ ਦੇ ਟੱਬ ਅੰਦਰ ਸੰਤਰਾ ਖਾਣਾ ਕਾਨੂੰਨੀ ਅਪਰਾਧ ਹੈ।
3. ਅਮਰੀਕਾ ਵਿੱਚ ਫਲੋਰੀਡਾ ਦੇ ਮਿਆਮੀ ਸ਼ਹਿਰ ਵਿੱਚ ਕਿਸੇ ਜਾਨਵਰ ਦੀ ਨਕਲ ਉਤਾਰਨਾ ਕਾਨੂੰਨੀ ਅਪਰਾਧ ਹੈ।
4. ਊਠ ਦੀ ਰੀੜ ਦੀ ਹੱਡੀ ਇਕਦਮ ਸਿੱਧੀ ਹੁੰਦੀ ਹੈ।
5. ਦੁਨੀਆ ਵਿੱਚ 1200 ਕਿਸਮ ਦੀਆਂ ਜ਼ਹਿਰੀਲੀਆਂ ਮੱਛੀਆਂ ਹਨ।
6. ਸੂਰਜ ਧਰਤੀ ਤੋਂ 93 ਮਿਲੀਅਨ ਮੀਲ ਦੀ ਦੂਰੀ ਤੇ ਹੈ।
7. ਸਵਿੱਟਜ਼ਰਲੈਂਡ ਵਿੱਚ ਕਾਰ ਦਾ ਦਰਵਾਜ਼ਾ ਜ਼ੋਰ ਨਾਲ ਬੰਦ ਕਰਨਾ ਗੈਰ-ਕਾਨੂੰਨੀ ਹੈ।
8. ਆਕਸੀਜਨ ਦੀ ਖੋਜ ਜੋਸਫ ਪ੍ਰਿਸਟਲੇ ਨੇ ਕੀਤੀ ਸੀ।
9. ਵਿਸ਼ਵਨਾਥਨ ਆਨੰਦ ਭਾਰਤ ਦੇ ਮਹਾਨ ਸ਼ਤਰੰਜ ਖਿਡਾਰੀ ਸਨ।
10. ਭਾਰਤ ਦੀ ਰਾਸ਼ਟਰੀ ਖੇਡ ਹਾਕੀ ਹੈ।
11. ਭਾਰਤ ਵਿੱਚ ਸਮੁੰਦਰ ਦੇ ਕਿਨਾਰੇ ਸਭ ਤੋਂ ਵੱਡਾ ਹੋਟਲ ਦੱਖਣੀ ਮੁੰਬਈ ਅੰਦਰ 'ਉਬਰਾਇ' ਹੈ।
12. ਭਾਰਤ-ਪਾਕਿਸਤਾਨ ਦੀ ਸੀਮਾ ਲਾਇਨ ਨੂੰ 'ਰੈਡ ਕਲੀਫ ਲਾਇਨ'' ਕਿਹਾ ਜਾਂਦਾ ਹੈ।
13. ਅੰਗਹੀਨ ਵਿਅਕਤੀਆਂ ਲਈ ਬਣਾਏ ਗਏ ਕੰਪਿਊਟਰ ਦਾ ਨਾਂ ''ਆਲ ਰਾਇਟ'' ਹੈ।
14. A ਅਤੇ B ਗਰੁੱਪ ਵਾਲਾ ਮਨੁੱਖ ਕਿਸੇ ਵੀ ਗਰੁੱਪ ਦਾ ਬਲੱਡ ਲੈ ਸਕਦਾ ਹੈ।
15. o ਪਾਜ਼ਿਟਵ ਗਰੁੱਪ ਵਾਲਾ ਮਨੁੱਖ ਕਿਸੇ ਵੀ ਗਰੁੱਪ ਵਾਲੇ ਮਨੁੱਖ ਨੂੰ ਬਲੱਡ ਦੇ ਸਕਦਾ ਹੇ ਪਰ ਕਿਸੇ ਵੀ ਗਰੁੱਪ ਦਾ ਬਲੱਡ ਲੈ ਨਹੀਂ ਸਕਦਾ।
16. ਮਿਲਖਾ ਸਿੰਘ ਨੂੰ ਉਡਣਾ ਸਿੱਖ ਵੀ ਕਿਹਾ ਜਾਂਦਾ ਹੈ।
17. ਇੰਗਲੈਂਡ ਦਾ ਕੋਈ ਲਿਖਤ ਸੰਵਿਧਾਨ ਨਹੀਂ ਹੈ।
18. ਡਾਲਫਿਨ ਸਭ ਤੋਂ ਬੁਧੀਮਾਨ ਮੱਛੀ ਹੁੰਦੀ ਹੈ।
19. ਆਈਸਲੈਂਡ ਵਿੱਚ ਪਾਲਤੂ ਕੁੱਤੇ ਰੱਖਣਾ ਗੈਰ-ਕਾਨੂੰਨੀ ਹੈ।
20. ਲਿਉਨਾਰਡੋ ਦਾ ਵਿੰਚੀ ਇਕ ਹੀ ਸਮੇਂ ਇਕ ਹੱਥ ਨਾਲ ਲਿਖਦੇ ਸਨ ਅਤੇ ਦੂਜੇ ਹੱਥ ਨਾਲ ਪੇਂਟਿੰਗ ਬਣਾ ਲੈਂਦੇ ਸਨ।

ਸੰਗ੍ਰਹਿਕਰਤਾ ❑ ਗੁਰਦੇਵ ਸਿੰਘ

ਕਹਾਣੀ - ਹਰਜਿੰਦਰ ਕੌਰ

# ਸੱਚੀ ਮਿੱਤਰਤਾ

ਹਸਨਪੁਰਾ ਪਿੰਡ ਤੋਂ ਥੋੜੀ ਦੂਰ ਇਕ ਨਦੀ ਵਹਿੰਦੀ ਸੀ। ਨਦੀ ਬਾਰਾਂ ਮਹੀਨੇ ਨਹੀਂ ਵਹਿੰਦੀ ਸੀ।


ਮੀਂਹ ਦੇ ਦਿਨਾਂ ਵਿਚ ਇਹ ਨਦੀ ਉਛਲਦੀ ਹੋਈ ਵਹਿੰਦੀ ਸੀ ਪਰ ਗਰਮੀ ਦੇ ਦਿਨਾਂ ਵਿਚ ਇਹ ਸੁੱਕ ਜਾਂਦੀ ਸੀ। ਉਸ ਦੇ ਕੋਲ ਖੱਬੇ ਪਾਸੇ ਇਕ ਬੋਹੜ ਦਾ ਰੁੱਖ ਸੀ। ਉਸ ਦੀਆਂ ਸ਼ਾਖਾਵਾਂ ਉਤੇ ਅਨੇਕ ਪੰਛੀਆਂ ਨੇ ਆਪਣਾ ਘਰ ਬਣਾ ਰਖਿਆ ਸੀ। ਉਹਨਾਂ ਵਿੱਚੋ ਇਕ ਮੋਰ ਅਤੇ ਤਿਤਲੀ ਵੀ ਸਨ। ਦੋਹਾਂ ਵਿਚ ਬਹੁਤ ਗਹਿਰੀ ਦੋਸਤੀ ਸੀ। ਦੋਵੇਂ ਸੈਰ ਸਪਾਟੇ ਕਰਦੇ ਸਨ ਅਤੇ ਫਿਰ ਵਾਪਿਸ ਆ ਜਾਂਦੇ ਸਨ।

ਇਸ ਦੁਨੀਆ ਵਿਚ ਸੁਖ-ਦੁਖ ਦਾ ਜੋੜਾ ਹੈ ਕਦੀ ਸੁਖ ਆਉਂਦਾ ਹੈ ਤੇ ਕਦੇ ਦੁਖ। ਦੁਖ ਕਦੇ ਕਹਿ ਕੇ ਨਹੀਂ ਆਉਂਦਾ ਉਹ ਤਾਂ ਅਚਾਨਕ ਆਉਂਦਾ ਹੈ। ਸੰਜੋਗ ਦੀ ਗੱਲ ਹੈ ਕਿ ਇਕ ਦਿਨ ਜੋਰ ਦੀ ਹਨੇਰੀ ਆਈ। ਚੰਗੇ-ਚੰਗੇ ਭਾਰੀ ਸ਼ਰੀਰ ਵਾਲਿਆਂ ਦੇ ਪੈਰ ਡਗਮਗਾਉਣ ਲੱਗੇ। ਵਿਚਾਰੀ ਤਿਤਲੀ ਕੀ ਕਰਦੀ? ਉਹ ਆਪਣੇ ਆਪ ਨੂੰ ਸੰਭਾਲ ਨਹੀਂ ਸਕੀ ਅਤੇ ਨਦੀ ਵਿਚ ਡਿੱਗ ਪਈ। ਨਦੀ ਦਾ ਵਹਾਅ ਤੇਜ਼ ਨਹੀਂ ਸੀ ਪਰ ਫਿਰ ਵੀ ਉਹ ਨੰਨੀ ਜਾਨ ਵਹਿਣ ਲੱਗ ਗਈ। ਉਸ ਦੇ ਖੰਭ ਕੋਈ ਕੰਮ ਨਹੀਂ ਕਰ ਸਕੇ। ਉਹ ਥਰ-ਥਰ ਕੰਬਣ ਲੱਗ ਗਈ। ਇਸ ਮੁਸੀਬਤ ਦੇ ਸਮੇਂ ਉਸ ਨੇ ਆਪਣੇ ਦੋਸਤ ਮੋਰ ਨੂੰ ਪੁਕਾਰਨਾ ਸ਼ੁਰੂ ਕੀਤਾ।

ਮੋਰ ਦਾਦਾ ! ਮੋਰ ਦਾਦਾ !
ਦੇਰ ਨਾ ਲਗਾ ਹੁਣ ਜ਼ਿਆਦਾ !
ਛੇਤੀ ਆਉ, ਛੇਤੀ ਆਉ
ਪਾਣੀ ਤੋਂ ਤੁਸੀਂ ਮੈਨੂੰ ਬਚਾਉ।
ਨਹੀਂ ਤਾਂ ਮੈ ਮਰ ਜਾਵਾਂਗੀ
ਤੁਹਾਡੇ ਨਾਲ ਨਹੀਂ ਰਹਿ ਪਾਵਾਂਗੀ।''

ਇਸ ਸਮੇਂ ਮੋਰ ਰੁੱਖ ਤੇ ਬੈਠਾ ਹੋਇਆ ਸੀ। ਅਚਾਨਕ ਉਸ ਨੂੰ ਤਿਤਲੀ ਦੇ ਪੁਕਾਰਨ ਦੀ ਅਵਾਜ਼ ਸੁਣਾਈ ਦਿੱਤੀ। ਉਹ ਨਦੀ ਦੇ ਕਿਨਾਰ-ਕਿਨਾਰੇ ਉਡਦਾ-ਉਡਦਾ ਤਿਤਲੀ ਨੂੰ ਭਾਲਣ ਲੱਗਾ। ਤਿਤਲੀ ਵੇਖ ਕੇ ਉਸ ਨੂੰ ਇਕ ਉਪਾਅ ਸੁੱਝਿਆ। ਉਸ ਨੇ ਬੋਹੜ ਦਾ ਪੱਤਾ ਤੋੜਿਆ ਅਤੇ ਜਿੱਥੇ ਤਿਤਲੀ ਵਹਿੰਦੀ ਜਾਂਦੀ ਸੀ ਉਸਦੇ ਅੱਗੇ ਰੱਖ ਦਿੰਦਾ ਅਤੇ ਕਹਿੰਦਾ - ਤਿਤਲੀ ਰਾਣੀ ਤੂੰ ਇਸ ਪੱਤੇ ਤੇ





ਬੈਠ ਜਾ, ਮੈਂ ਤੈਨੂੰ ਬਚਾ ਲਵਾਂਗਾ। ਤਿਤਲੀ ਉਸ ਪੱਤੇ ਤੇ ਬੈਠ ਗਈ। ਮੋਰ ਨੇ ਉਹ ਪੱਤਾ ਮੂੰਹ ਨਾਲ ਫੜਿਆ ਅਤੇ ਉਸ ਨੂੰ ਬਾਹਰ ਕੱਢ ਦਿੱਤਾ। ਕੁਝ ਦੇਰ ਬਾਅਦ ਤਿਤਲੀ ਦੇ ਖੰਭ ਸੁੱਕ ਗਏ ਅਤੇ ਉਹ ਰੁੱਖ ਤੇ ਜਾ ਕੇ ਬੈਠ ਗਈ।ਮੋਰ ਵੀ ਉਸਦੇ ਕੋਲ ਜਾ ਕੇ ਬੈਠ ਗਿਆ। ਦੋਵੇਂ ਮਿਲ ਕੇ ਬਹੁਤ ਖੁਸ਼ ਹੋਏ।ਜੇਕਰ ਮੋਰ ਮਦਦ ਨਹੀਂ ਕਰਦਾ ਤਾਂ ਤਿਤਲੀ ਵਹਿੰਦੀ-ਵਹਿੰਦੀ ਪਤਾ ਨਹੀਂ ਕਿੱਥੇ ਪਹੁੰਚ ਜਾਂਦੀ। ਮੋਰ ਦੀ ਇਸ ਮਦਦ ਤੋਂ ਬਾਅਦ ਤਿਤਲੀ ਉਸ ਨਾਲ ਬਹੁਤ ਗਹਿਰੀ ਦੋਸਤੀ ਰੱਖਣ ਲੱਗੀ।

ਤਿਤਲੀ ਦੀ ਬਹੁਤ ਇੱਛਾ ਸੀ ਕਿ ਇਕ ਦਿਨ ਉਹ ਵੀ ਮੁਸੀਬਤ ਦੇ ਸਮੇਂ ਮੋਰ ਦੇ ਕੰਮ ਆਏ। ਥੋੜ੍ਹੇ ਹੀ ਸਮੇਂ ਬਾਅਦ ਇਹੋ ਜਿਹਾ ਮੌਕਾ ਆ ਗਿਆ ਕਿ ਤਿਤਲੀ ਨੂੰ ਮੋਰ ਦੀ ਮਦਦ ਕਰਨ ਦਾ ਅਵਸਰ ਮਿਲ ਗਿਆ। ਇਕ ਦਿਨ ਜੰਗਲ ਵਿਚ ਸ਼ਿਕਾਰੀ ਆ ਗਿਆ। ਉਸ ਦੇ ਮੋਢੇ ਤੇ ਬੰਦੂਕ ਪਈ ਸੀ। ਉਸ ਨੇ ਜੰਗਲ ਵਿਚ ਸ਼ਿਕਾਰ ਲਈ ਬਹੁਤ ਭੱਜ-ਦੌੜ ਕੀਤੀ ਪਰ ਕਿਸੇ ਜਾਨਵਰ ਦਾ ਸ਼ਿਕਾਰ ਨਹੀਂ ਕਰ ਸਕਿਆ। ਥੱਕ ਕੇ ਸ਼ਿਕਾਰੀ ਨਦੀ ਤੋਂ ਪਾਣੀ ਪੀ ਕੇ ਬੋਹੜ ਦੀ ਘਣੀ ਛਾਂ ਵਿਚ ਅਰਾਮ ਕਰਨ ਲੱਗ ਗਿਆ। ਉਸ ਦੀ ਨਜ਼ਰ ਅਚਾਨਕ ਉਸ ਰੁੱਖ ਤੇ ਬੈਠੇ ਮੋਰ ਉਤੇ ਪਈ। ਸ਼ਿਕਾਰੀ ਖੁਸ਼ ਹੋ ਗਿਆ ਅਤੇ ਸੋਚਣ ਲਗਾ ਕਿ ਕੋਈ ਸ਼ਿਕਾਰ ਹੱਥ ਨਹੀਂ ਆਇਆ ਤਾਂ ਕੀ ਹੋਇਆ ਇਸ ਮੋਰ ਦੇ ਹੀ ਸ਼ਿਕਾਰ ਦਾ ਮਜ਼ਾ ਲਵਾਂਗੇ। ਇਹ ਸੋਚ ਕੇ ਉਹ ਉਠਿਆ ਅਤੇ ਬੰਦੂਕ ਨਾਲ ਨਿਸ਼ਾਨਾ ਸਿੱਧਾ ਕਰਨ ਲੱਗਾ। ਤਿਤਲੀ ਨੇ ਇਹ ਸਭ ਵੇਖ ਲਿਆ। ਉਹ ਸਮਝ ਗਈ ਕਿ ਸ਼ਿਕਾਰੀ ਮੋਰ ਦਾ ਸ਼ਿਕਾਰ ਕਰਨ ਲੱਗਾ ਹੈ। ਗੋਲੀ ਚਲਣ ਲੱਗੀ ਤਾਂ ਤਿਤਲੀ ਉਸਦੀ ਅੱਖ ਤੇ ਆ ਕੇ ਬੈਠ ਗਈ । ਸ਼ਿਕਾਰੀ ਦਾ ਨਿਸ਼ਾਨਾ ਚੂਕ ਗਿਆ ਅਤੇ ਮੋਰ ਬਾਲ-ਬਾਲ ਬਚ ਗਿਆ।

ਬੰਦੂਕ ਦੀ ਅਵਾਜ਼ ਨਾਲ ਸਾਰੇ ਪੰਛੀ ਉਡ ਗਏ ਅਤੇ ਮੋਰ ਵੀ ਕੇਂ-ਕੇਂ ਕਰਦਾ ਉਡ ਕੇ ਦੂਰ ਜਾ ਕੇ ਇਕ ਨਿੰਮ ਦੇ ਰੁੱਖ ਤੇ ਬੈਠ ਗਿਆ। ਤਿਤਲੀ ਵੀ ਉਸਦੇ ਪਿੱਛੇ-ਪਿੱਛੇ ਚਲੀ ਗਈ ਅਤੇ ਉਸ ਦੇ ਕੋਲ ਬੈਠ ਗਈ। ਤਿਤਲੀ ਨੂੰ ਵੇਖ ਕੇ ਲੰਮਾ ਸਾਹ ਛੱਡਦਾ ਹੋਇਆ ਮੋਰ ਬੋਲਿਆ – ਆਉ ਤਿਤਲੀ ਰਾਣੀ !



ਅੱਜ ਤਾਂ ਕੋਈ ਸ਼ਿਕਾਰੀ ਸਾਡੇ ਘਰ ਤੇ ਹਮਲਾ ਕਰ ਗਿਆ। ਪਤਾ ਨਹੀਂ ਉਸ ਨੇ ਕਿੰਨੇ ਪੰਛੀਆਂ ਦਾ ਸ਼ਿਕਾਰ ਕੀਤਾ? ਰੱਬ ਨੇ ਮੇਰੀ ਜਾਨ ਬਚਾ ਲਈ ਨਹੀਂ ਤਾਂ ਇਸ ਸੰਸਾਰ ਤੋਂ ਅਸੀਂ ਫੁਰ ਹੋ ਜਾਂਦੇ।

ਤਿਤਲੀ ਨੇ ਕਿਹਾ – ਮੋਰ ਦਾਦਾ ! ਜਾਨ ਬਚਾਉਣ ਵਾਲਾ ਰੱਬ ਹੈ। ਉਹ ਸ਼ਿਕਾਰੀ ਤੁਹਾਨੂੰ ਨਿਸ਼ਾਨਾ ਬਣਾ ਰਿਹਾ ਸੀ। ਤੁਹਾਨੂੰ ਨੀਂਦ ਆ ਰਹੀ ਸੀ। ਮੈ ਜਦੋਂ ਇਹ ਵੇਖਿਆ ਤਾਂ ਇਕ ਉਪਾਅ ਸੁਝਿਆ। ਮੈ ਉਸਦੀ ਖੁੱਲੀ ਹੋਈ ਅੱਖ ਤੇ ਜਾ ਬੈਠੀ। ਮੈਨੂੰ ਹਟਾਉਣ ਲਈ ਉਸ ਨੇ ਗਰਦਨ ਹਿਲਾਈ ਉਸੇ ਸਮੇ ਗੋਲੀ ਚਲ ਗਈ। ਇਸ ਨਾਲ ਨਿਸ਼ਾਨਾ ਚੂਕ ਗਿਆ। ਜੇਕਰ ਮੈਂ ਸਾਵਧਾਨੀ ਨਾ ਰੱਖਦੀ ਤਾਂ ਗੋਲੀ ਤੁਹਾਨੂੰ ਹੀ ਲਗਦੀ।

ਮੋਰ ਨੇ ਕਿਹਾ – ਤੂੰ ਮੇਰੀ ਜਾਨ ਬਚਾਈ? ਮੈਨੂੰ ਤਾਂ ਨੀਂਦ ਆ ਰਹੀ ਸੀ। ਕੁਝ ਵੀ ਧਿਆਨ ਨਹੀਂ ਸੀ। ਪੰਛੀਆਂ ਨੂੰ ਆਪਣੇ ਦੁਸ਼ਮਣਾ ਤੋਂ ਕਿੰਨਾ ਸਾਵਧਾਨ ਰਹਿਣਾ ਪੈਂਦਾ ਹੈ। ਤੂੰ ਮੇਰੀ ਜਾਨ ਬਚਾਈ ਤੇਰਾ ਅਹਿਸਾਨ ਮੈਂ ਕਦੇ ਨਹੀਂ ਭੁੱਲਾਂਗਾ। ਤੂੰ ਛੋਟੀ ਹੈ ਪਰ ਤੂੰ ਬਹੁਤ ਵੱਡਾ ਕੰਮ ਕੀਤਾ ਹੈ ਜੋ ਵੱਡੇ-ਵੱਡੇ ਵੀ ਨਹੀਂ ਕਰ ਸਕਦੇ।

ਤਿਤਲੀ ਹੈਰਾਨੀ ਨਾਲ ਕਹਿਣ ਲੱਗੀ- ਮੋਰ ਦਾਦਾ ਇਹ ਕੋਈ ਉਪਕਾਰ ਨਹੀਂ ਹੈ। ਆਪਣੇ ਦੋਸਤ ਦੀ ਮੁਸੀਬਤ ਵਿਚ ਮਦਦ ਕਰਨਾ ਸੱਚੀ ਦੋਸਤੀ ਹੈ। ਮੈਨੂੰ ਵੀ ਯਾਦ ਹੈ ਤੁਸੀਂ ਕਿਸ ਤਰ੍ਹਾਂ ਮੇਰੀ ਜਾਨ ਬਚਾਈ ਸੀ। ਨਹੀਂ ਤਾਂ ਅੱਜ ਮੈ ਵੀ ਜੀਵਿਤ ਨਾ ਹੁੰਦੀ।

ਮੋਰ ਕਹਿਣ ਲਗਾ- ਤਿਤਲੀ ਰਾਣੀ ! ਮੈਨੂੰ ਤਾਂ ਤੂੰ ਅਵਾਜ਼ ਦੇ ਕੇ ਬੁਲਾਇਆ ਸੀ। ਪਰ ਅੱਜ ਤਾਂ ਮੇਰਾ ਧਿਆਨ ਹੀ ਨਹੀਂ ਸੀ, ਮੈ ਸੌਂ ਰਿਹਾ ਸੀ। ਉਸ ਸਮੇਂ ਤੂੰ ਮੇਰਾ ਪੂਰਾ ਧਿਆਨ ਰੱਖਿਆ। ਮੇਰੇ ਵਰਗੇ ਆਲਸੀ ਦੀ ਮਦਦ ਕੀਤੀ। ਮੇਰੇ ਕੰਮ ਨਾਲੋਂ ਤੇਰਾ ਕੰਮ ਜ਼ਿਆਦਾ ਮੱਹਤਵਪੂਰਣ ਹੈ।

ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਕਰਦੇ ਦੋਵੇਂ ਹੱਸਦੇ-ਹੱਸਦੇ ਆਪਣੇ ਰੁੱਖ ਤੇ ਆ ਗਏ।

## ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

1) ਰਾਣੀ ਲਕਸ਼ਮੀ ਬਾਈ 2) ਈਸਾਈ
3) ਮਈ 4) ਸ਼ਹਿਨਾਈ 5) ਜੋਧਾਬਾਈ
6) ਮੋਰਾਰਜੀ ਦੇਸਾਈ 7) ਮੁੰਬਈ 8) ਹਨੋਈ
9) ਡਿਗਬੋਈ 10) ਪੁਤਲੀਬਾਈ
11) ਜਕੋਤਾਬੋਈ 12) ਬੋਂਜਾਈ
13) ਬੁਰਨੋਈ 14) ਬੰਬਈ

❑ ਪੰਕਜ ਕੁਮਾਰ ਨਿਰੰਕਾਰੀ

# ਬੁਝਾਰਤਾਂ

1. ਤੁਸੀਂ ਨਾ ਬੁਲਾਉ ਮੈਂ ਆ ਜਾਵਾਂਗੀ,
ਨਾ ਭਾੜਾ ਨਾ ਕਿਰਾਇਆ ਦੇਵਾਂਗੀ।
ਪਰ ਹਰ ਕਮਰੇ ਵਿੱਚ ਰਹਾਂਗੀ,
ਫੜ ਨਾ ਮੈਨੂੰ ਤੁਸੀਂ ਪਾਉਗੇ।
ਮੇਰੇ ਬਿਨ ਤੁਸੀਂ ਨਾ ਰਹਿ ਸਕੋਗੇ।

2. ਸਾਰੇ ਜੀਵ ਹੈ ਮੈਨੂੰ ਪੀਂਦੇ,
ਮੈਨੂੰ ਪੀਣਾ ਹਰਦਮ ਚਾਹੁੰਦੇ।
ਮੈਨੂੰ ਪਿਆਰ ਬਹੁਤ ਕਰਦੇ ਹੋ,
ਭਾਫ ਬਣਾ ਤਾਂ ਡਰਦੇ ਵੀ ਹੋ।

3. ਮੇਰੇ ਵਿੱਚ ਭਾਰ ਸਦਾ ਹੀ ਰਹਿੰਦਾ,
ਜਗ੍ਹਾ ਘੇਰਣਾ ਮੈਨੂੰ ਆਉਂਦਾ।
ਹਰ ਵਸਤੂ ਨਾਲ ਗਹਿਰਾ ਰਿਸ਼ਤਾ,
ਹਰ ਥਾਂ ਪਾਇਆ ਜਾਂਦਾ।

4. ਉਪਰ ਤੋਂ ਹੇਠਾਂ ਵਹਿੰਦਾ ਹਾਂ,
ਹਰ ਬਰਤਨ ਨੂੰ ਅਪਨਾਉਂਦਾ ਹਾਂ।
ਵੇਖੋ ਮੈਨੂੰ ਡੇਗ ਨਾ ਦੇਣਾ,
ਵਰਨਾ ਮੁਸ਼ਕਿਲ ਹੋ ਜਾਇਗਾ ਭਰਨਾ।

5. ਲੋਹਾ ਖਿੱਚਾਂ ਐਸੀ ਤਾਕਤ ਹੈ,
ਪਰ ਰਬੜ ਮੈਨੂੰ ਹਰਾਉਂਦਾ ਹੈ।
ਗਵਾਚੀ ਸੂਈ ਮੈਂ ਲੱਭ ਲੈਂਦਾ ਹਾਂ,
ਮੇਰਾ ਖੇਡ ਨਿਰਾਲਾ ਹੈ।

6. ਹਮੇਸ਼ਾਂ ਨਿਰੰਤਰ ਚਲਦਾ,
ਨਹੀਂ ਕਿਸੇ ਤੋਂ ਡਰਦਾ।
ਕੋਈ ਰੋਕ ਉਹਨੂੰ ਨਹੀਂ ਪਾਉਂਦਾ,
ਜਦਕਿ ਉਹ ਚਲਦਾ ਹੌਲੀ-ਹੌਲੀ।

7. ਗੋਲ-ਗੋਲ ਜਿਹੇ ਛੋਟੇ ਫਲ ਅਸੀਂ,
ਜੋ ਵੀ ਖਾਏ ਉਹ ਮਾਣੇ।
ਖਾਣ ਲੱਗੇ, ਢੇਰ ਸਾਰੇ ਖਾ ਜਾਏ,
ਸਵਾਦ ਬਸ ਲੂੰਮੜੀ ਜਾਣੇ।

8. ਇਕ ਮਤੀਰਾ ਹੈ ਚਮਕੀਲਾ,
ਦਿਸਦਾ ਹੈ ਉਹ ਪੀਲਾ-ਪੀਲਾ।
ਪਲ-ਪਲ ਕਰਕੇ ਉਹ ਘਟਦਾ ਜਾਂਦਾ,
ਪੰਦਰਾਂ ਰੋਜ਼ ਵਿੱਚ ਮਿਟ ਜਾਂਦਾ।

9. ਸਦਾ ਧੁੱਪ ਤੋਂ ਤਹਾਨੂੰ ਬਚਾਵਾਂ,
ਵਰਖਾ ਵਿੱਚ ਵੀ ਕੰਮ ਆਵਾਂ।
ਜਦ ਵੀ ਮੈਂ ਆਪਣੇ ਹੱਥ ਫੈਲਾਊਂ,
ਸਭ ਦੇ ਸਿਰ ਤੇ ਮੈਂ ਚੜ ਜਾਊਂ।

10. ਮਿੱਠੇ-ਮਿੱਠੇ ਗੀਤ ਸੁਣਾਉਂਦੀ,
ਮੇਰੀ ਬੋਲੀ ਸਭ ਨੂੰ ਭਾਉਂਦੀ।
ਕੋਈ ਲੱਭਣ ਮੈਨੂੰ ਆਉਂਦਾ,
ਝਟ ਪੱਤਿਆਂ ਵਿੱਚ ਮੈਂ ਲੁਕ ਜਾਂਦੀ।

11. ਕਦੇ ਬੀਜਿਆ, ਕਦੇ ਵੱਢਿਆ,
ਪਾ ਕੇ ਵੀ ਹੈ ਤੁਸੀਂ ਗਵਾਇਆ।
ਜਿੰਨਾ ਮੈਨੂੰ ਬਚਾਉਗੇ,
ਸ਼ੁਧ ਹਵਾ ਤੁਸੀਂ ਪਾਉਗੇ।

**ਬੁਝਾਰਤਾਂ ਦੇ ਉੱਤਰ**

1. ਹਵਾ, 2. ਪਾਣੀ, 3. ਗੈਸ, 4. ਦ੍ਰਵ, 5. ਚੁੰਬਕ, 6. ਸਮਾਂ, 7. ਅੰਗੂਰ, 8. ਚੰਦਰਮਾ, 9. ਛੱਤਰੀ, 10. ਕੋਇਲ, 11. ਰੁੱਖ

ਕਹਾਣੀ : ਪ੍ਰਮੀਲਾ ਗੁਪਤਾ

# ਨਵਾਂ ਸਵੇਰਾ



ਘੂੰਪਰ ਪਿੰਡ ਦੇ ਲੋਕ ਬਹੁਤ ਸਿੱਧੇ-ਸਾਦੇ ਸਨ। ਪੜ੍ਹਾਈ-ਲਿਖਾਈ ਤੋਂ ਕੋਹਾਂ ਦੂਰ, ਉਹਨਾਂ ਲਈ ਕਾਲਾ ਅੱਖਰ ਭੈਂਸ ਬਰਾਬਰ ਸੀ। ਪੜ੍ਹਿਆ-ਲਿਖਿਆ ਧਨਪਤ ਸਾਹੂਕਾਰ ਉਹਨਾਂ ਦੀ ਇਸ ਕਮਜ਼ੋਰੀ ਦਾ ਫਾਇਦਾ ਉਠਾ ਰਿਹਾ ਸੀ। ਕਹਿਣ ਨੂੰ ਉਹ ਸ਼ਾਹੂਕਾਰ ਸੀ ਪਰ ਸੀ ਬੜਾ ਲਾਲਚੀ। ਲੋੜ ਪੈਣ ਤੇ ਉਹ ਪਿੰਡ ਵਾਲਿਆਂ ਦੇ ਘਰ-ਜ਼ਮੀਨ ਆਦਿ ਗਹਿਣੇ ਰੱਖ ਕੇ ਉਚੀ ਵਿਆਜ਼ ਦਰ ਤੇ ਉਧਾਰ ਦਿੰਦਾ ਸੀ। ਝੂਠੀ ਲਿਖਾ-ਪੜੀ ਤੇ ਉਹ ਉਹਨਾਂ ਤੋਂ ਅੰਗੂਠਾ ਲਗਵਾ ਲੈਂਦਾ ਸੀ। ਇਕ ਵਾਰ ਉਧਾਰ ਲੈ ਲੈਣ ਦੇ ਬਾਅਦ ਪਿੰਡ ਵਾਲਾ ਜ਼ਿੰਦਗੀ ਭਰ ਉਸਦੇ ਕਰਜ ਹੇਠਾਂ ਦੱਬਿਆ ਰਹਿੰਦਾ।

ਸੱਜਣ ਸਿੰਘ ਦੀ ਪਿੰਡ ਵਿੱਚ ਰਾਸ਼ਨ ਦੀ ਛੋਟੀ ਜਿਹੀ ਦੁਕਾਨ ਸੀ। ਥੋੜਾ ਹਿਸਾਬ-ਕਿਤਾਬ ਕਰਨਾ ਜਾਣਦਾ ਸੀ। ਇਮਾਨਦਾਰੀ ਨਾਲ ਚਾਰ ਪੈਸੇ ਕਮਾ ਕੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਦਾ ਅਤੇ ਖੁਸ਼ ਰਹਿੰਦਾ। ਪੜ੍ਹਿਆ-ਲਿਖਿਆ ਹੋਣ ਦੇ ਕਾਰਣ ਉਹ ਧਨਪਤ ਦੀ ਕਾਲੀ ਕਰਤੂਤ ਨੂੰ ਜਾਣਦਾ ਸੀ। ਇਕ ਦਿਨ ਉਸ ਨੇ ਸਰਪੰਚ ਦੇ ਕੋਲ ਜਾ ਕੇ ਧਨਪਤ ਸਾਹੂਕਾਰ ਦੀ ਸ਼ਿਕਾਇਤ ਕੀਤੀ। ਸਰਪੰਚ ਖੁਦ ਧਨਪਤ ਦੀ ਬੇਈਮਾਨੀ ਦਾ ਬਰਾਬਰ ਦਾ ਹਿੱਸੇਦਾਰ ਸੀ। ਉਸ ਨੇ ਸੱਜਣ ਸਿੰਘ ਦੀਆਂ ਗੱਲਾਂ ਨੂੰ ਸੁਣਿਆ-ਅਣਸੁਣਿਆ ਕਰ ਦਿੱਤਾ।

ਥੱਕ-ਹਾਰ ਕੇ ਸੱਜਣ ਸਿੰਘ ਨੇ ਜਿਲਾ ਮੁਖਅਧਿਕਾਰੀ ਦੇ ਕੋਲ ਜਾਣ ਦਾ ਫੈਸਲਾ ਕੀਤਾ। ਉਸ ਨੇ ਉਹਨਾਂ ਦੇ ਕੋਲ ਜਾ ਕੇ ਕਿਹਾ- ਸ਼੍ਰੀਮਾਨ! ਪਿੰਡ ਦਾ ਸਰਪੰਚ ਅਤੇ ਧਨਪਤ ਸਾਹੂਕਾਰ ਮਿਲ ਕੇ ਭੋਲੇ-ਭਾਲੇ ਅਨਪੜ ਪਿੰਡ ਵਾਲਿਆਂ



ਨੂੰ ਲੁੱਟ ਰਹੇ ਹਨ। ਉਹ ਦੋਵੇਂ ਦਿਨ-ਬ-ਦਿਨ ਅਮੀਰ ਹੁੰਦੇ ਜਾ ਰਹੇ ਹਨ ਅਤੇ ਗਰੀਬ ਪਿੰਡ ਵਾਲਿਆਂ ਦਾ ਪੇਟ ਭਰਨਾ ਮੁਸ਼ਕਿਲ ਹੋ ਗਿਆ ਹੈ। ਉਹਨਾਂ ਦੀ ਸਾਰੀ ਕਮਾਈ ਕਰਜ ਦਾ ਸੂਦ ਭਰਨ ਵਿੱਚ ਹੀ ਖਤਮ ਹੋ ਜਾਂਦੀ ਹੈ। ਅਨਪੜ ਪਿੰਡ ਵਾਲੇ ਮਜ਼ਬੂਰੀ ਵਿੱਚ ਝੂਠੀ ਲਿਖਾ-ਪੜੀ ਤੇ ਅੰਗੂਠਾ ਲਗਾ ਦਿੰਦੇ ਹਨ।

ਮੁਖਅਧਿਕਾਰੀ ਨੇ ਸੱਜਣ ਸਿੰਘ ਦੀਆਂ ਗੱਲਾਂ ਨੂੰ ਧਿਆਨ ਨਾਲ ਸੁਣਿਆ। ਉਸ ਨੇ ਆਪਣੇ ਦੋ ਕਰਮਚਾਰੀਆਂ ਨੂੰ ਧਨਪਤ ਸਾਹੂਕਾਰ ਅਤੇ ਸਰਪੰਚ ਦੀ ਚੁਪਚਾਪ ਜਾਂਚ-ਪੜਤਾਲ ਕਰਨ ਲਈ ਭੇਜ ਦਿੱਤਾ। ਕਰਮਚਾਰੀਆਂ ਨੇ ਆ ਕੇ ਦੱਸਿਆ ਕਿ ਸੱਜਣ ਸਿੰਘ ਦੀਆਂ ਸਾਰੀਆਂ ਗੱਲਾਂ ਸੱਚੀਆਂ ਸਨ। ਮੁਖਅਧਿਕਾਰੀ ਨੇ ਤੁਰੰਤ ਦੋਹਾਂ ਦੀ ਸ਼ਿਕਾਇਤ ਪੁਲਿਸ ਅਫਸਰ ਨੂੰ ਕੀਤੀ। ਦੋਹਾਂ ਨੂੰ ਕੈਦੀ ਬਣਾ ਕੇ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਦੋਹਾਂ ਪੱਖਾਂ ਦੀਆਂ ਦਲੀਲਾਂ ਸੁਣਨ ਦੇ ਬਾਦ ਜੱਜ ਨੇ ਫੈਸਲਾ ਸੁਣਾਇਆ- ਧਨਪਤ ਸਾਹੂਕਾਰ ਅਤੇ ਸਰਪੰਚ ਨੇ ਪਿੰਡ ਵਾਸੀਆਂ ਨਾਲ ਜਾਲਸਾਜੀ ਅਤੇ ਬੇਈਮਾਨੀ ਕੀਤੀ ਹੈ। ਬੇਈਮਾਨੀ ਨਾਲ ਹੜੱਪਿਆ ਧਨ ਪਿੰਡ ਵਾਸੀਆਂ ਨੂੰ ਵਾਪਿਸ ਕਰਨ।

ਅਦਾਲਤ ਦੇ ਫੈਸਲੇ ਤੋਂ ਸੱਜਣ ਸਿੰਘ ਅਤੇ ਪਿੰਡ ਵਾਲੇ ਬਹੁਤ ਖੁਸ਼ ਸਨ। ਹੁਣ ਮੁਖਅਧਿਕਾਰੀ ਨੇ ਆਦੇਸ਼ ਦਿੱਤਾ- ਜ਼ਿਲੇ ਦੇ ਹਰੇਕ ਪਿੰਡ ਵਿੱਚ ਬਾਲ ਸਕੂਲ ਅਤੇ ਪ੍ਰੋੜ ਸਿਖਿਆ ਕੇਂਦਰਾਂ ਦੀ ਛੇਤੀ ਤੋਂ ਛੇਤੀ ਸਥਾਪਨਾ ਕਰਕੇ ਉਹਨਾਂ ਅੰਦਰ ਯੋਗ ਅਧਿਆਪਕ ਨਿਯੁਕਤ ਕੀਤੇ ਜਾਣ।

ਇਹ ਸੁਣ ਕੇ ਸੱਜਣ ਸਿੰਘ ਹੈਰਾਨੀ ਨਾਲ ਪੁੱਛਣ ਲਗਾ- ਸ਼੍ਰੀਮਾਨ! ਅਪਰਾਧੀਆਂ ਨੂੰ ਸਜਾ ਮਿਲ ਗਈ ਹੈ। ਹੁਣ ਬਾਲ ਸਕੂਲ ਅਤੇ ਪ੍ਰੋੜ ਸਿਖਿਆ ਕੇਂਦਰ ਖੋਲ੍ਹਣ ਨਾਲ ਕੀ ਲਾਭ ਹੋਏਗਾ?

ਮੁਖਅਧਿਕਾਰੀ ਨੇ ਹੱਸ ਕੇ ਕਿਹਾ- ਸੱਜਣ ਸਿੰਘ, ਤੁਸੀਂ ਜਾਣਦੇ ਹੋ ਕਿ ਪਿੰਡ ਦੇ ਜ਼ਿਆਦਾਤਰ ਲੋਕ ਅਨਪੜ੍ਹ ਅਤੇ ਸਿੱਧੇ-ਸਾਦੇ ਹੁੰਦੇ ਹਨ। ਧਨਪਤ ਸਾਹੂਕਾਰ ਅਤੇ ਸਰਪੰਚ ਨੂੰ ਸਜਾ ਦੇਣ ਨਾਲ ਸਮੱਸਿਆ ਦਾ ਹੱਲ ਨਹੀਂ ਹੋਏਗਾ। ਅਨਪੜ ਪਿੰਡ ਵਾਲਿਆਂ ਨੂੰ ਕੋਈ ਵੀ ਧਨਪਤ ਵਰਗਾ ਲਾਲਚੀ ਅਤੇ ਬੇਈਮਾਨ ਸਾਹੂਕਾਰ ਠੱਗ ਸਕਦਾ ਹੈ। ਇਸ ਲਈ ਪਿੰਡ ਦੇ ਬੱਚਿਆਂ ਅਤੇ ਬਜ਼ੁਰਗਾਂ ਦਾ ਪੜੇ-ਲਿਖੇ ਹੋਣਾ ਜ਼ਰੂਰੀ ਹੈ।

ਸੱਜਣ ਸਿੰਘ ਖੁਸ਼ ਹੋ ਕੇ ਬੋਲਿਆ- ਸ਼੍ਰੀਮਾਨ! ਇਹ ਤਾਂ ਆਪ ਨੇ ਬਹੁਤ ਦੂਰ ਦੀ ਗੱਲ ਸੋਚੀ ਹੈ।ਅਸੀਂ ਸਾਰੇ ਪਿੰਡ ਵਾਲੇ ਆਪ ਦੇ ਇਸ ਉਪਕਾਰ ਨੂੰ ਹਮੇਸ਼ਾਂ ਯਾਦ ਰੱਖਾਂਗੇ।

– ਇਹ ਉਪਕਾਰ ਨਹੀਂ, ਮੇਰਾ ਫਰਜ਼ ਹੈ। ਇਹੀ ਨਹੀਂ, ਮੈਂ ਆਪਣੇ ਉਚਅਧਿਕਾਰੀਆਂ ਦੇ ਕੋਲ ਪਿੰਡ ਵਿੱਚ ਪੇਂਡੂ ਬੈਂਕ ਖੋਲ੍ਹਣ ਦਾ ਪ੍ਰਸਤਾਵ ਭੇਜਿਆ ਹੈ। ਅਜਿਹਾ ਹੋ ਜਾਣ ਤੇ ਪਿੰਡ ਵਾਲੇ ਕਰਜ ਲਈ ਸਾਹੂਕਾਰ ਦੇ ਚੁੰਗਲ ਵਿੱਚ ਨਹੀਂ ਫੱਸਣਗੇ। -ਮੁਖ ਅਧਿਕਾਰੀ ਨੇ ਦੱਸਿਆ।

ਸੱਜਣ ਸਿੰਘ ਦੀ ਖੁਸ਼ੀ ਦਾ ਠਿਕਾਣਾ ਨਹੀਂ ਸੀ। ਹੁਣ ਉਸ ਦੇ ਪਿੰਡ ਵਿੱਚ ਅਗਿਆਨਤਾ ਦਾ ਹਨ੍ਹੇਰਾ ਨਹੀਂ ਰਹੇਗਾ। ਗਿਆਨ ਦਾ ਪ੍ਰਕਾਸ਼ ਫੈਲੇਗਾ। ਇਕ ਨਵਾਂ ਸਵੇਰਾ ਸਾਰੇ ਪਿੰਡ ਨੂੰ ਖੁਸ਼ੀਆਂ ਨਾਲ ਭਰ ਦਏਗਾ।



❑ ਸੁੰਦਰਪਾਲ 'ਪ੍ਰੇਮੀ'

# ਮੇਰਾ ਸਾਈਕਲ



ਮੇਰੇ ਜਨਮ ਦਿਨ ਤੇ ਡੈਡੀ ਨੇ,
ਮੈਨੂੰ ਨਵਾਂ ਸਾਈਕਲ ਦੁਆਇਆ ਸੀ।

ਪਸੰਦ ਦਾ ਸਾਈਕਲ ਲੈ ਕੇ,
ਮੇਰੇ ਦਿਲ ਨੇ ਭੰਗੜਾ ਪਾਇਆ ਸੀ।

ਜਨਮ ਦਿਨ ਦੀ ਖੁਸ਼ੀ ਵਿੱਚ,
ਮਿੱਤਰਾਂ ਨੂੰ ਮੈਂ ਘਰ ਬੁਲਾਇਆ ਸੀ।

ਉਹਨਾਂ ਨੂੰ ਨਵਾਂ ਸਾਈਕਲ ਵਿਖਾ ਕੇ,
ਆਪਣੀ ਖੁਸ਼ੀ 'ਚ ਵਾਧਾ ਕਰਾਇਆ ਸੀ।

ਆਪਣੇ ਮੁਹੱਲੇ ਦੇ ਮਿੱਤਰਾਂ ਨਾਲ,
ਸਾਈਕਲ 'ਤੇ ਸਕੂਲ ਜਾਂਦਾ ਹਾਂ।

ਆਪਣੇ ਨਵੇਂ ਸਾਈਕਲ ਦਾ,
ਮਿੱਤਰਾਂ ਨਾਲ ਆਨੰਦ ਮਨਾਂਦਾ ਹਾਂ।

ਛੁੱਟੀ ਵਾਲੇ ਦਿਨ ਦੋਸਤਾਂ ਨਾਲ,
ਆਪਣਾ ਸਾਈਕਲ ਚਲਾਉਂਦਾ ਹਾਂ।


ਲੋੜ ਪੈਣ ਤੇ ਕਿਤਾਬ-ਕਾਪੀ,
ਸਾਈਕਲ ਤੇ ਲਿਆਉਂਦਾ ਹਾਂ।

ਵਾਰ-ਵਾਰ ਕਹਿਣ ਤੇ ਡੈਡੀ ਨੇ,
ਸਾਈਕਲ ਦੀ ਮੰਗ ਸਿਰੇ ਚੜ੍ਹਾਈ ਸੀ।

'ਪ੍ਰੇਮੀ' ਅੰਕਲ ਨੇ ਜਨਮ-ਦਿਨ ਤੇ,
ਸਾਈਕਲ ਦੀ ਦਿੱਤੀ ਵਧਾਈ ਸੀ।

❑ ਦਿਨੇਸ਼ ਦਰਪਣ

# ਸਿੱਖਣ ਦੀ ਉਮਰ



ਗੱਲ ਉਸ ਸਮੇਂ ਦੀ ਹੈ ਜਦ ਸਵਾਮੀ ਰਾਮਤੀਰਥ ਜਾਪਾਨ ਦੀ ਯਾਤਰਾ ਤੇ ਸਨ। ਉਸ ਜਹਾਜ ਵਿੱਚ ਇਕ ਜਾਪਾਨੀ ਸੱਜਣ ਵੀ ਯਾਤਰਾ ਕਰ ਰਹੇ ਸਨ। ਉਹਨਾਂ ਦੀ ਉਮਰ ਲਗਭਗ 90 ਸਾਲ ਦੇ ਲਾਗੇ-ਚਾਗੇ ਸੀ। ਉਹਨਾਂ ਦੇ ਹੱਥ-ਪੈਰ ਕੰਬ ਰਹੇ ਸਨ ਅਤੇ ਹਿਲ ਰਹੇ ਸਨ। ਅੱਖਾਂ ਵੀ ਕਾਫੀ ਕਮਜ਼ੋਰ ਹੋ ਗਈਆਂ ਸਨ। ਫਿਰ ਵੀ ਉਹ ਚੀਨੀ ਭਾਸ਼ਾ ਸਿਖ ਰਹੇ ਸਨ। ਉਂਝ ਉਸ ਸੱਜਣ ਦੀ ਹਾਲਤ ਵੇਖ ਕੇ ਚੀਨੀ ਭਾਸ਼ਾ ਸਿਖਣਾ ਅਸੰਭਵ ਜਿਹਾ ਹੀ ਲਗ ਰਿਹਾ ਸੀ। ਉਂਝ ਵੀ ਚੀਨੀ ਭਾਸ਼ਾ ਬਾਕੀ ਭਾਸ਼ਾਵਾਂ ਦੀ ਬਜਾਏ ਕੁਝ ਜ਼ਿਆਦਾ ਕਠਿਨ ਹੈ ਅਤੇ ਫਿਰ ਸਿੱਖਣ ਵਿੱਚ ਸਮਾਂ ਵੀ ਕਾਫੀ ਲਗ ਜਾਂਦਾ ਹੈ। ਹੌਸਲੇ ਦੀ ਪ੍ਰੀਖਿਆ ਵੀ ਹੋ ਜਾਂਦੀ ਹੈ। ਸਵਾਮੀ ਰਾਮਤੀਰਥ ਉਸ ਸੱਜਣ ਦੀ ਲਗਨ ਵੇਖ ਕੇ ਦੰਗ ਰਹਿ ਗਏ। ਸਵਾਮੀ ਜੀ ਨੇ ਉਸ ਤੋਂ ਪੁੱਛਿਆ - ਆਪ ਐਨੇ ਬਜ਼ੁਰਗ ਹੁੰਦੇ ਹੋਏ ਵੀ ਦੂਸਰੀ ਭਾਸ਼ਾ ਸਿਖ ਰਹੇ ਹੋ। ਆਪ ਕਦ ਤਕ ਇਹਨੂੰ ਸਿਖ ਸਕੋਗੇ ਅਤੇ ਫਿਰ ਕਦ ਇਸ ਦਾ ਉਪਯੋਗ ਕਰੋਗੇ?



ਸਵਾਮੀ ਜੀ ਦੇ ਮੂੰਹ ਤੋਂ ਇਹ ਸੁਣ ਕੇ ਉਸ ਬਜ਼ੁਰਗ ਸੱਜਣ ਨੇ ਕਿਹਾ- ਸ਼੍ਰੀਮਾਨ ਜੀ, ਜਦ ਤਕ ਮੈਂ ਜ਼ਿੰਦਾ ਹਾਂ ਤਦ ਤਕ ਤਾਂ ਕੁਝ ਨਾ ਕੁਝ ਸਿੱਖਦੇ ਹੀ ਰਹਿਣਾ ਹੈ ਵਰਨਾ ਇਹ ਜੀਵਨ ਕਿਸ ਕੰਮ ਦਾ? ਮੈਂ ਐਵੇਂ ਖਾਲੀ ਬੈਠਣਾ ਪਸੰਦ ਨਹੀਂ ਕਰਦਾ ਹਾਂ। ਅਗਰ ਮੈਂ ਥੋੜਾ ਬਹੁਤ ਵੀ ਸਿਖ ਲਵਾਂਗਾ ਤਾਂ ਆਪਣਾ ਜੀਵਨ ਧੰਨ ਸਮਝਾਂਗਾ ਨਹੀਂ ਤਾਂ ਆਪਣਾ ਜੀਵਨ ਵਿਅਰਥ ਸਮਝਾਂਗਾ। ਇਕ ਨਾ ਇਕ ਦਿਨ ਮਰਨਾ ਤਾਂ ਸਾਰਿਆਂ ਨੇ ਹੀ ਹੈ। ਕਿਸੇ ਨੇ ਅਗੇ ਕਿਸੇ ਨੇ ਪਿਛੇ। ਅਗਰ ਮਾਨਵ ਮੌਤ ਦੇ ਡਰ ਨਾਲ ਚੁੱਪਚਾਪ ਬੈਠਾ ਰਹੇ ਤਾਂ ਉਹ ਆਪਣੇ ਜੀਵਨ ਵਿੱਚ ਕੁਝ ਨਹੀਂ ਕਰ ਸਕੇਗਾ ਅਤੇ ਅਗਰ ਨਿਰਭੈ ਹੋ ਕੇ ਪੂਰਣ ਲਗਨ ਅਤੇ ਮਿਹਨਤ ਨਾਲ ਕੋਈ ਵੀ ਕੰਮ ਕੀਤਾ ਜਾਏ ਤਾਂ ਸਫਲਤਾ ਜ਼ਰੂਰ ਹੀ ਮਿਲਦੀ ਹੈ। ਜੀਵਨ ਤਾਂ ਸਮੁੰਦਰ ਦੇ ਪ੍ਰਵਾਹ ਦੇ ਸਮਾਨ ਹੈ ਜਿਸ ਵਿੱਚ ਕਦੇ-ਕਦੇ ਤੂਫ਼ਾਨ ਆ ਕੇ ਉਹਨੂੰ ਵਿਚਲਿਤ ਕਰ ਦਿੰਦਾ ਹੈ।

ਪਰ ਅਗਰ ਇਸ ਪ੍ਰੇਸ਼ਾਨੀ ਰੂਪੀ ਤੂਫ਼ਾਨ ਦਾ ਡਟ ਕੇ ਮੁਕਾਬਲਾ ਕੀਤਾ ਜਾਏ ਤਾਂ ਕੋਈ ਵੀ ਕੰਮ ਅਸੰਭਵ ਨਹੀਂ ਹੈ। ਸਚਮੁੱਚ ਇਕ ਦਿਨ ਉਸ ਸੱਜਣ ਨੇ ਆਪਣੀ ਲਗਨ ਅਤੇ ਮਿਹਨਤ ਦੇ ਨਾਲ ਚੀਨੀ ਭਾਸ਼ਾ ਸਿਖ ਲਈ। ਉਸ ਸੱਜਣ ਨੇ ਆਪਣੀ ਮੌਤ ਤੋਂ ਪਹਿਲਾਂ ਪੱਤਰ ਲਿਖ ਕੇ ਸਵਾਮੀ ਰਾਮਤੀਰਥ ਨੂੰ ਚੀਨੀ ਭਾਸ਼ਾ ਸਿਖ ਲੈਣ ਦੀ ਸੂਚਨਾ ਦਿੱਤੀ ਸੀ। ਪੱਤਰ ਪੜ੍ਹ ਕੇ ਸਵਾਮੀ ਜੀ ਖੁਸ਼ ਹੋ ਗਏ।

ਪਿਆਰੇ ਬੱਚਿਓ! ਇਹ ਸੱਚ ਹੈ ਕਿ ਅਗਰ ਕੋਈ ਵੀ ਕੰਮ ਮਿਹਨਤ ਅਤੇ ਲਗਨ ਨਾਲ ਕੀਤਾ ਜਾਏ ਤਾਂ ਸਫਲਤਾ ਜ਼ਰੂਰ ਹੀ ਮਿਲਦੀ ਹੈ।

ਜਾਣਕਾਰੀ : ਸੀ.ਐਲ.ਗੁਲਾਟੀ

# ਈਸਾ ਮਸੀਹ

ਈਸਾ ਮਸੀਹ ਦਾ ਜਨਮ ਲਗਭਗ 2000 ਸਾਲ ਪਹਿਲਾਂ ਇਸਰਾਈਲ ਵਿਚ ਹੋਇਆ। ਆਧੁਨਿਕ ਸਭਿਅਤਾ ਉਨ੍ਹਾਂ ਦੇ ਜਨਮ ਦੇ ਸਮੇਂ ਨੂੰ B.C. and A.D. ਦੋ ਤਰ੍ਹਾਂ ਨਾਲ ਪੇਸ਼ ਕਰਦੀ ਹੈ ਅਰਥਾਤ (B.C. Before christ) and A.D. Anno Domini or the year of our Lord). ਆਪਣੀ ਉਮਰ ਦੇ ਪਹਿਲੇ ਤੀਹ ਸਾਲ ਈਸਾ ਮਸੀਹ ਨੇ ਇਕ ਤਰਖਾਣ ਵਾਲਾ ਕੰਮ ਕਰਦਿਆਂ ਹੀ ਬਤੀਤ ਕੀਤੇ।

ਤੀਹ ਸਾਲ ਤੋਂ ਬਾਅਦ ਈਸਾ ਮਸੀਹ ਨੇ ਆਪਣਾ ਸੰਦੇਸ਼-ਉਪਦੇਸ਼ ਸ਼ੁਰੂ ਕੀਤਾ ਅਤੇ ਹੈਰਾਨੀਜਨਕ ਕਰਾਮਾਤਾਂ ਦਿਖਾਈਆਂ। ਫਿਰ ਵੀ ਆਪਣੇ ਜਨਮ-ਸਥਾਨ ਤੋਂ 200 ਮੀਲ ਦੀ ਦੂਰੀ ਤਕ ਹੀ ਕਲਿਆਣ ਯਾਤਰਾਵਾਂ ਕੀਤੀਆਂ। ਕੇਵਲ ਤਿੰਨ ਸਾਲ ਦੇ ਸਮੇਂ ਵਿਚ ਹੀ ਈਸਾ ਮਸੀਹ ਰਾਸ਼ਟਰੀ ਪੱਧਰ ਤੇ ਦੂਰ-ਦੂਰ ਤਕ ਪ੍ਰਸਿੱਧ ਹੋ ਗਏ।

ਈਸਾ ਮਸੀਹ ਦੇ ਪ੍ਰਮੁੱਖ ਉਪਦੇਸ਼ ਇਸ ਤਰ੍ਹਾਂ ਸਨ-

1. ਰੱਬ ਤੁਹਾਨੂੰ ਪਿਆਰ ਕਰਦਾ ਹੈ ਅਤੇ ਤੁਹਾਡੇ ਨਾਲ ਹੈ।
2. ਇਕ-ਦੂਜੇ ਨੂੰ ਪਿਆਰ ਕਰੋ।
3. ਹਰ ਵਿਅਕਤੀ ਦੀ ਕਦਰ-ਕੀਮਤ ਨੂੰ ਪਹਿਚਾਣੋ।
4. ਚੰਗੀ ਖ਼ਬਰ ਕਿ ਰੱਬ ਦਾ ਸਿੰਘਾਸਣ (Kingdom) ਧਰਤੀ ਤੇ ਆ ਗਿਆ ਹੈ।
5. ਮਾਫ਼ੀ ਮੰਗਣ ਵਾਲਿਆਂ ਨੂੰ ਰੱਬ ਮਾਫ਼ ਕਰ ਦਿੰਦਾ ਹੈ।

ਇਸ ਸੰਦੇਸ਼-ਉਪਦੇਸ਼ ਦੇ ਨਤੀਜੇ ਵਜੋਂ ਇਕ ਵੱਡੀ ਗਿਣਤੀ ਵਿਚ ਲੋਕ ਈਸਾ ਮਸੀਹ ਦੇ ਸ਼ਰਧਾਲੂ ਬਣ ਗਏ। ਜੇਰੂਸਲਮ ਸਿਟੀ ਦੇ ਇਕ ਰਿਕਾਰਡ ਅਨੁਸਾਰ ਇਕ ਦਿਨ ਵਿਚ ਲਗਭਗ 3000 ਸ਼ਰਧਾਲੂ ਬਣ ਗਏ ਸਨ। ਧਾਰਮਿਕ ਆਗੂਆਂ ਨੇ ਸਖਤੀ ਨਾਲ ਈਸਾ ਮਸੀਹ ਦੇ ਸ਼ਰਧਾਲੂਆਂ ਨੂੰ ਰੋਕਣ ਦੀ ਹਰ ਕੋਸ਼ਿਸ਼ ਕੀਤੀ ਪ੍ਰੰਤੂ ਸ਼ਰਧਾਲੂਆਂ ਨੇ ਈਸਾ ਮਸੀਹ ਤੋਂ ਪਿੱਛੇ ਹਟਣ ਨਾਲੋਂ ਮਰ



ਜਾਣ ਨੂੰ ਪਹਿਲ ਦਿੱਤੀ। ਮਰ ਜਾਵਾਂਗੇ ਪਰ ਈਸਾ ਮਸੀਹ ਦੇ ਬਣੇ ਰਹਾਂਗੇ।

ਸ਼ਰਧਾਲੂ ਕਹਿਣ ਲੱਗੇ ਕਿ ਈਸਾ ਮਸੀਹ ਸਚਮੁਚ ਰੱਬ ਹੈ। ਇਸ ਤਰ੍ਹਾਂ ਲਗਭਗ 100 ਸਾਲ ਵਿਚ ਪੂਰੀ ਰੋਮਨ ਬਾਦਸ਼ਾਹਤ ਈਸਾ ਮਸੀਹ ਦੀ ਸ਼ਰਧਾਲੂ ਬਣ ਗਈ। ਰੋਮਨ ਬਾਦਸ਼ਾਹ ਵੱਲੋਂ ਰਾਸ਼ਟਰੀ ਧਰਮ ਹੀ christianity ਬਣ ਗਿਆ। ਈਸਾ ਦੇ ਬੋਲ ਅਤੇ ਜ਼ਿੰਦਗੀ ਆਪ ਮੁਹਾਰੇ ਹੀ ਰੋਮਨ ਵਾਸੀਆਂ ਅੰਦਰੋਂ ਨਜ਼ਰ ਆਉਣ ਲੱਗੀ।

ਈਸਾ ਮਸੀਹ ਤੇ ਇਲਜ਼ਾਮ ਲਗਾਇਆ ਗਿਆ ਕਿ ਉਹ ਆਪਣੇ ਆਪ ਨੂੰ ਪ੍ਰਭੂ ਕਹਿੰਦਾ ਹੈ ਜੋ ਕਿ ਯਹੂਦੀ ਕਾਨੂੰਨ ਦੀ ਸ਼ਰੇਆਮ ਤੌਹੀਨ ਸੀ। ਇਸ ਲਈ ਧਾਰਮਿਕ ਨੇਤਾਵਾਂ ਨੇ ਰੋਮਨ ਬਾਦਸ਼ਾਹ ਨੂੰ ਕਿਹਾ ਕਿ ਈਸਾ ਨੂੰ ਫਾਂਸੀ ਦਿੱਤੀ ਜਾਵੇ। ਹਾਲਾਂਕਿ ਰੋਮਨ ਕਾਨੂੰਨ ਅਨੁਸਾਰ ਈਸਾ ਦੋਸ਼ੀ ਨਹੀਂ ਸਨ ਫਿਰ ਵੀ ਧਾਰਮਿਕ ਯਹੂਦੀ ਕੱਟਰਪੰਥੀਆਂ ਨੇ ਈਸਾ ਨੂੰ ਫਾਂਸੀ ਦੇਣ ਵਾਸਤੇ ਰੋਮਨ ਬਾਦਸ਼ਾਹ ਨੂੰ ਮਜ਼ਬੂਰ ਕਰ ਦਿੱਤਾ।

ਈਸਾ ਮਸੀਹ ਮਾਨਵਤਾ, ਪਿਆਰ ਅਤੇ ਨਿਮਰਤਾ ਲਈ ਖੜੇ ਹਨ। ਈਸਾ ਅਨੁਸਾਰ ਸਭ ਗੁਰੂ-ਪੀਰ-ਪੈਗੰਬਰਾਂ ਦੇ ਸੰਦੇਸ਼ ਇਹਨਾਂ ਦੋ ਸਿਖਿਆਵਾਂ, ਪ੍ਰਭੂ-ਪਿਆਰ ਅਤੇ ਮਾਨਵ ਪਿਆਰ ਤੇ ਹੀ ਆਧਾਰਤ ਹਨ।

# ਰੰਗ ਭਰੋ



ਨਾਂ ........................................................................ਉਮਰ..........

ਪੂਰਾ ਪਤਾ...................................................................................

...................................................................................................

...................................................................................................

# ਅਕਤੂਬਰ ਅੰਕ ਦੀ ਰੰਗ ਭਰੋ ਪ੍ਰਤੀਯੋਗਤਾ ਦਾ ਨਤੀਜਾ

**ਪਹਿਲਾ ਨੰ :**

ਅਰਸ਼ਦੀਪ ਸਿੰਘ (ਉਮਰ 8 ਸਾਲ)
ਪਿੰਡ ਤੇ ਡਾਕਖਾਨਾ : ਰੂਪੋਵਾਲ
ਜ਼ਿਲਾ : ਹੁਸ਼ਿਆਰਪੁਰ (ਪੰਜਾਬ)

**ਦੂਸਰਾ ਨੰ :**

ਹਰਸ਼ਪ੍ਰੀਤ ਕੌਰ (ਉਮਰ 7 ਸਾਲ)
ਪਿੰਡ ਤੇ ਡਾਕਖਾਨਾ : ਕੁਰਾਲੀ
ਜ਼ਿਲਾ - ਐਸ.ਏ.ਐਸ ਨਗਰ (ਪੰਜਾਬ)

**ਤੀਸਰਾ ਨੰ :**

ਰਾਧਾ (ਉਮਰ 12 ਸਾਲ)
ਪਿੰਡ ਤੇ ਡਾਕਖਾਨਾ : ਜਗਰਾਉਂ
ਜ਼ਿਲਾ - ਲੁਧਿਆਣਾ (ਪੰਜਾਬ)

## ਪਸੰਦ ਕੀਤੇ ਗਏ -

ਪ੍ਰਦੀਪ ਕੁਮਾਰ (ਨਵਾਂ ਸ਼ਹਿਰ),
ਹੈਵਨ-ਸੁਮਨ (ਫਗਵਾੜਾ),
ਅਨੰਨਿਆ ਗਰਗ (ਲਹਿਰਾਗਾਗਾ),
ਖੁਸ਼ਪ੍ਰੀਤ ਕੌਰ (ਲੁਧਿਆਣਾ),
ਅਸ਼ਰਿਤ ਖੁਰਾਨਾ (ਜਲੰਧਰ),
ਸੁਭਨੀਤ ਹੀਰਾ (ਲਾਲਗੜ੍ਹ),
ਵਿਧਿਤ ਬਜਾਜ (ਖੁਸ਼ਹਾਲ ਪੁਰ),
ਯਸ਼ਿਕਾ ਭੋਲਾ (ਡੇਰਾ ਬਾਬਾ ਨਾਨਕ),
ਨਮਰਤਾ (ਬੁਢਲਾਡਾ),
ਕਿਰਨਦੀਪ (ਲੁਧਿਆਣਾ),
ਪ੍ਰੇਰਨਾ (ਬੇਦੀ ਨਗਰ),
ਗੁਰਪ੍ਰੀਤ (ਗਿੱਦੜਬਾਹਾ),
ਏਕਤਾ (ਹਰੀਕੇਪਤਨ),
ਸਿਮਰਨ ਕੌਰ (ਧਰਮਪੁਰਾ),
ਪਰਵੀਨ ਕੌਰ (ਨਾਨਕ ਨਗਰੀ),
ਸਰਬਜੀਤ ਕੌਰ (ਜਗਰਾਉਂ),
ਸਿਦਕ ਭਾਟੀਆ (ਦੋਰਾਹਾ),
ਗੁਰਮੁਖ ਨੂਰ (ਗੁਮਟਾਲਾ),
ਸੁਭਪ੍ਰੀਤ (ਅੰਮ੍ਰਿਤਸਰ),
ਵੰਸ਼ਿਕਾ ਬੇਬੋ (ਬੁਢਲਾਡਾ)।



## ਦਸੰਬਰ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਦਸੰਬਰ 2019 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਫ਼ਰਵਰੀ 2020 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।

❑ ਜੈਇੰਦਰ ਸਿੰਘ

# ਅਲਬੇਲਾ ਪੰਛੀ : ਕੀਵੀ




ਦੱਖਣੀ ਗੋਲਾਰਧ ਦੇ ਹਰੇ-ਭਰੇ ਜੰਗਲਾਂ ਵਿੱਚ ਪਾਇਆ ਜਾਣ ਵਾਲਾ ਇਕ ਸਭ ਤੋਂ ਛੋਟਾ ਪੰਛੀ ਹੈ ਕੀਵੀ। ਇਸ ਦਾ ਆਕਾਰ ਮੁਰਗੇ ਜਿੰਨਾ ਹੁੰਦਾ ਹੈ ਅਤੇ ਸਰੀਰ ਕੇਵਲ 30-35 ਸੈਂਟੀਮੀਟਰ ਲੰਮਾ। ਇਸ ਪੰਛੀ ਨੂੰ ਉਲੂ ਦਾ ਭਾਈ ਵੀ ਕਹਿ ਸਕਦੇ ਹਾਂ ਕਿਉਂਕਿ ਇਹਨੂੰ ਦਿਨ ਦੇ ਸਮੇਂ ਘੱਟ ਦਿਖਾਈ ਦਿੰਦਾ ਹੈ। ਰਾਤ ਦੇ ਗਹਿਰੇ ਹਨ੍ਹੇਰੇ ਵਿੱਚ ਇਹਨੂੰ ਸਾਫ਼ ਦਿਖਾਈ ਦਿੰਦਾ ਹੈ। ਇਸ ਕਾਰਣ ਇਹ ਰਾਤ ਨੂੰ ਹੀ ਭੋਜਨ ਦੀ ਭਾਲ ਵਿੱਚ ਨਿਕਲਦਾ ਹੈ।

ਉਂਝ ਤਾਂ ਇਸ ਪੰਛੀ ਦੀਆਂ ਕਈ ਪ੍ਰਜਾਤੀਆਂ ਹਨ ਲੇਕਿਨ ਕੁਝ ਖਾਸ ਪ੍ਰਜਾਤੀਆਂ ਇਹ ਹਨ- ਗ੍ਰੇਟ ਸਪੋਟੇਡ ਕੀਵੀ, ਲਿਟਲ ਸਪੋਟੇਡ ਕੀਵੀ, ਨਾਰਥ ਆਈਲੈਂਡ ਬ੍ਰਾਊਨ ਕੀਵੀ, ਔਕੋਰੀਟੋ ਬ੍ਰਾਊਨ ਕੀਵੀ, ਸਰਦਨਰ ਟੋਕੋਇਕਾ ਅਤੇ ਹਾਸਟ ਟੋਕੋਈਕਾ। ਕੀਵੀ ਨਿਊਜੀਲੈਂਡ ਦਾ ਰਾਸ਼ਟਰੀ ਪ੍ਰਤੀਕ ਚਿੰਨ੍ਹ ਵੀ ਹੈ।

ਇਸ ਪੰਛੀ ਦੀ ਚੁੰਝ ਬਹੁਤ ਲੰਮੀ, ਤਿੱਖੀ ਅਤੇ ਮਜ਼ਬੂਤ ਹੁੰਦੀ ਹੈ ਜੋ ਇਹਨੂੰ ਜ਼ਮੀਨ ਦੇ ਅੰਦਰ ਲੁਕੇ ਕੀੜੇ-ਮਕੌੜਿਆਂ ਨੂੰ ਲੱਭਣ ਵਿੱਚ ਮਦਦ ਕਰਦੀ ਹੈ। ਇਸਦੀ ਨੱਕ ਜੋ ਚੁੰਝ ਦੇ ਸਿਰੇ ਤੇ ਹੁੰਦੀ ਹੈ, ਆਪਣਾ ਸ਼ਿਕਾਰ ਸੁੰਘ ਲੈਂਦੀ ਹੈ ਅਤੇ ਉਹਨੂੰ ਪਕੜਨ ਵਿੱਚ ਦੇਰ ਨਹੀਂ ਲਗਾਉਂਦੀ।

ਇਹ ਪੰਛੀ ਸਮੂਹ ਵਿੱਚ ਬਹੁਤ ਘੱਟ ਮਿਲਦਾ ਹੈ। ਕਈ ਵਾਰ ਇਕ ਤੋਂ ਜ਼ਿਆਦਾ ਕੀਵੀ ਇਕ ਹੀ ਸਥਾਨ ਤੇ ਜਮਾ ਹੋ ਜਾਂਦੇ ਹਨ ਤਾਂ ਇਹ ਆਪਸ ਵਿੱਚ ਖ਼ੂਨੀ ਲੜਾਈਆਂ ਲੜਦੇ ਹਨ। ਆਪਣੀ ਲੰਮੀ ਚੁੰਝ ਨਾਲ ਇਕ-ਦੂਸਰੇ ਨੂੰ ਨੋਚਦੇ ਹਨ ਅਤੇ ਮਾਰਨ ਦਾ ਪੂਰਾ ਯਤਨ ਕਰਦੇ ਹਨ। ਇਸ ਲੜਾਈ ਵਿੱਚ ਜੋ ਕੀਵੀ ਜਿੱਤ ਜਾਂਦਾ ਹੈ ਉਸੇ ਨਾਲ ਮਾਦਾ ਕੀਵੀ ਜੀਵਨ ਬਤੀਤ ਕਰਦੀ ਹੈ। ਮਾਦਾ ਕੀਵੀ ਇਕ ਸਮੇਂ ਵਿੱਚ 2 ਜਾਂ 3 ਆਂਡੇ ਦਿੰਦੀ ਹੈ ਅਤੇ ਨਰ ਕੀਵੀ ਢਾਈ ਮਹੀਨੇ ਤਕ ਇਹਨਾਂ ਨੂੰ ਸੇਕਣ ਦਾ ਫਰਜ਼ ਨਿਭਾਉਂਦਾ ਹੈ। ਚੌਕੰਨਾ ਹੋ ਕੇ ਰਾਤ-ਦਿਨ ਇਹਨਾਂ ਦੀ ਰੱਖਿਆ ਕਰਦਾ ਹੈ। ਮੌਸਮ ਦੀ ਮਾਰ ਅਤੇ ਦੁਸ਼ਮਣਾਂ ਤੋਂ ਇਹਨਾਂ ਨੂੰ ਬਚਾਉਂਦਾ ਹੈ। ਢਾਈ ਮਹੀਨੇ ਬਾਦ ਆਂਡਿਆਂ ਵਿਚੋਂ ਜਦ ਚੂਚਾ ਨਿਕਲਦਾ ਹੈ ਤਾਂ ਉਸ ਦੀਆਂ ਅੱਖਾਂ ਪੂਰੀ ਤਰ੍ਹਾਂ ਨਾਲ ਖੁਲ੍ਹੀਆਂ ਹੁੰਦੀਆਂ ਹਨ ਅਤੇ ਸਰੀਰ ਤੇ ਕੋਮਲ ਮੁਲਾਇਮ ਵਾਲ ਹੁੰਦੇ ਹਨ।



ਇਹ ਇਕ ਹੈਰਾਨੀ ਦੀ ਗੱਲ ਹੈ ਕਿ ਦਸ ਦਿਨਾਂ ਤਕ ਨਵਜਾਤ ਕੀਵੀ ਕੁਝ ਨਹੀਂ ਖਾਂਦਾ। 28-30 ਦਿਨ ਦਾ ਹੋ ਜਾਣ ਤੇ ਉਹ ਆਪਣਾ ਘਰ ਛੱਡ ਦਿੰਦਾ ਹੈ ਅਤੇ ਦੁਸ਼ਮਣਾਂ ਤੋਂ ਆਪਣੀ ਰੱਖਿਆ ਖ਼ੁਦ ਕਰਦਾ ਹੈ। ਵੈਸੇ ਕੀਵੀ ਅਜਿਹਾ ਪੰਛੀ ਹੈ ਜੋ ਉਡੱ ਨਹੀਂ ਸਕਦਾ ਲੇਕਿਨ ਤੇਜ਼ੀ ਨਾਲ ਭੱਜ ਜ਼ਰੂਰ ਸਕਦਾ ਹੈ।

ਆਂਡਿਆਂ ਦੀ ਦੁਨੀਆਂ ਵਿੱਚ ਕੀਵੀ ਦੇ ਆਂਡਿਆਂ ਦੀ ਇਕ ਅਲਗ ਪਹਿਚਾਨ ਵੀ ਹੈ ਕਿਉਂਕਿ ਇਸ ਦਾ ਇਕ ਆਂਡਾ ਕਰੀਬ 500 ਗ੍ਰਾਮ ਦਾ ਹੁੰਦਾ ਹੈ ਜਿਸ ਦਾ ਰੰਗ ਸਫੈਦ ਜਾਂ ਦੁਧੀਆ ਹੁੰਦਾ ਹੈ। ਇਸ ਦੀਆਂ ਵਿਭਿੰਨ ਪ੍ਰਜਾਤੀਆਂ ਦੇ ਆਂਡੇ ਰੰਗ-ਬਿਰੰਗੇ ਹੁੰਦੇ ਹਨ। ਜਿਵੇਂ ਲਾਲ, ਗੁਲਾਬੀ, ਸਫੈਦ-ਕਾਲੇ, ਪੀਲੇ-ਗੁਲਾਬੀ ਆਦਿ। ਇਹ ਵਜਨ ਵਿੱਚ 200 ਤੋਂ 300 ਗ੍ਰਾਮ ਦੇ ਵਿਚਕਾਰ ਹੁੰਦੇ ਹਨ ਅਤੇ ਚਮਕੀਲੇ ਅਤੇ ਖ਼ੂਬਸੂਰਤ ਹੁੰਦੇ ਹਨ।



ਏ. ਪੀ. ਸਿੰਘ

# ਗਲਹਿਰੀ ਅਤੇ ਚੂਹਾ

ਗਲਹਿਰੀ ਅਤੇ ਚੂਹੇ ਦੀ ਆਪਸ ਵਿੱਚ ਬਹੁਤ ਪੱਕੀ ਦੋਸਤੀ ਸੀ। ਉਹ ਦੋਵੇਂ ਹੀ ਕੋਲ-ਕੋਲ ਰਹਿੰਦੇ ਸਨ। ਚੂਹਾ ਦਰੱਖਤ ਦੇ ਥੱਲੇ ਰਹਿੰਦਾ ਸੀ ਅਤੇ ਗਲਹਿਰੀ ਉਪੱਰ । ਚੂਹਾ ਬਹੁਤ ਸਮਝਦਾਰ ਸੀ। ਉਹ ਸਮੇਂ ਸਿਰ ਆਪਣਾ ਕੰਮ ਕਰਦਾ ਸੀ। ਸਮੇਂ ਸਿਰ ਭੋਜਨ ਇਕੱਠਾ ਕਰਦਾ। ਅਪਣੇ ਘਰ ਲਈ ਘਾਹ-ਫੂਸ ਇਕੱਠਾ ਕਰਦਾ। ਗਲਹਿਰੀ ਬਹੁਤ ਹੀ ਆਲਸੀ ਸੀ। ਉਹ ਸਾਰਾ ਦਿਨ ਇੱਧਰ-ਉਧਰ ਭੱਜਦੀ ਰਹਿੰਦੀ ਅਤੇ ਕਈ ਵਾਰ ਦਰੱਖਤ ਉੱਤੇ ਹੀ ਸੁੱਤੀ ਰਹਿੰਦੀ। ਚੂਹਾ ਉਸ ਨੂੰ ਸਮਝਾਉਂਦਾ ਰਹਿੰਦਾ ਕਿ ਇੱਧਰ-ਉਧਰ ਭੱਜਣ ਨਾਲੋਂ ਆਪਣਾ ਸਮੇਂ ਸਿਰ ਕੰਮ ਕਰ ਲਿਆ ਕਰ ਨਹੀਂ ਤਾਂ ਤੈਨੂੰ ਪਛਤਾਉਣਾ ਪਵੇਗਾ ਪਰ ਗਲਹਿਰੀ ਦੇ ਕੰਨ ਤੇ ਜੂੰ ਨਾ ਸਰਕਦੀ। ਉਹ ਬੱਸ ਆਪਣੀ ਮਸਤੀ ਵਿੱਚ ਹੀ ਰਹਿੰਦੀ ਸੀ। ਚੂਹਾ ਮੁਸੀਬਤ ਵੇਲੇ ਸਭ ਦੀ ਸਹਾਇਤਾ ਕਰਦਾ ਸੀ।

ਬਰਸਾਤ ਦੇ ਦਿਨ ਸ਼ੁਰੂ ਹੋ ਗਏ ਸਨ। ਬੱਦਲ ਚੜ੍ਹ ਕੇ ਆ ਰਹੇ ਸਨ। ਚੂਹੇ ਨੇ ਜਲਦੀ ਨਾਲ ਆਪਣਾ ਭੋਜਨ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ ਸੀ। ਚੂਹੇ ਨੇ ਗਲਹਿਰੀ ਨੂੰ ਕਿਹਾ, ''ਭੈਣੇ ! ਬਰਸਾਤ ਦਾ ਮੌਸਮ ਆ ਗਿਆ ਹੈ ਚੱਲ ਮੇਰੇ ਨਾਲ ਤੂੰ ਵੀ ਆਪਣਾ ਭੋਜਨ ਇਕੱਠਾ ਕਰ ਲੈ ਅਤੇ ਆਪਣਾ ਘਰ ਵੀ ਬਣਾ ਲੈ। ਪਰ ਗਲਹਿਰੀ ਬੋਲੀ – ਅਜੇ ਤਾਂ ਬਰਸਾਤ ਨੂੰ ਬਹੁਤ ਸਮਾਂ ਹੈ। ਮੈਂ ਆਪਣਾ ਭੋਜਨ ਇਕੱਠਾ ਕਰ ਲਵਾਂਗੀ ਅਤੇ ਆਪਣਾ ਘਰ ਤਾਂ ਮੈਂ ਥੋੜ੍ਹੇ ਹੀ ਦਿਨਾਂ ਵਿੱਚ ਬਣਾ ਲਵਾਂਗੀ। ਇਹ ਕਹਿ ਕੇ ਗਲਹਿਰੀ ਇੱਧਰ-ਉਧਰ ਚਲੀ ਗਈ। ਉਸ ਨੂੰ ਬਿਲਕੁਲ ਵੀ ਫਿਕਰ ਨਹੀਂ ਸੀ।

ਚੂਹੇ ਨੇ ਦੋਸਤੀ ਕਰਕੇ ਗਲਹਿਰੀ ਨੂੰ ਫਿਰ ਵੀ ਕਈ ਵਾਰ ਕਿਹਾ ਕਿ ਜਲਦੀ ਬਰਸਾਤ ਸ਼ੁਰੂ ਹੋ ਜਾਵੇਗੀ ਤੂੰ ਆਪਣਾ ਘਰ ਹੀ ਬਣਾ ਲੈ ਪਰ ਗਲਹਿਰੀ ਨੇ ਚੂਹੇ ਦੀ ਕੋਈ ਗੱਲ ਨਾ ਸੁਣੀ। ਚੂਹੇ ਨੇ ਸਮੇਂ ਅਨੁਸਾਰ ਆਪਣੇ ਘਰ ਨੂੰ ਘਾਹ-ਫੂਸ ਨਾਲ ਚੰਗੀ ਤਰ੍ਹਾਂ ਮਖਮਲ ਵਰਗਾ ਬਣਾ ਲਿਆ ਅਤੇ ਭੋਜਨ ਵੀ ਇਕੱਠਾ ਕਰ ਲਿਆ ਸੀ। ਗਲਹਿਰੀ ਤਾਂ ਬਸ

ਆਪਣੀ ਮਸਤੀ ਵਿੱਚ ਆਲਸੀਆਂ ਵਾਂਗ ਘੁੰਮ-ਫਿਰ ਰਹੀ ਸੀ।

ਇੱਕ ਰਾਤ ਬਹੁਤ ਬੱਦਲ ਗਰਜੇ। ਹਨੇਰੀ ਵੀ ਬਹੁਤ ਚੱਲ ਰਹੀ ਸੀ। ਦਰੱਖਤ ਬਹੁਤ ਝੂਲ ਰਿਹਾ ਸੀ। ਗਲਹਿਰੀ ਨੂੰ ਸਿਰ ਛੁਪਾਉਣ ਲਈ ਜਗ੍ਹਾ ਨਹੀਂ ਸੀ ਮਿਲ ਰਹੀ। ਹੁਣ ਉਹ ਪਛਤਾਅ ਰਹੀ ਸੀ ਕਿ ਕਿੱਧਰ ਜਾਵੇ। ਥੋੜੀ ਹੀ ਦੇਰ ਵਿੱਚ ਗੜ੍ਹੇ ਵੀ ਪੈਣ ਲੱਗ ਪਏ ਅਤੇ ਮੀਂਹ ਵੀ ਬਹੁਤ ਤੇਜ਼ ਹੋ ਗਿਆ। ਗਲਹਿਰੀ ਹੁਣ ਤਕਲੀਫ਼ ਵਿੱਚ ਸੀ। ਉਧਰ ਚੂਹਾ ਬਹੁਤ ਚੰਗਾ ਦੋਸਤ ਸੀ ਗਲਹਿਰੀ ਦਾ। ਉਸ ਨੇ ਜਦੋਂ ਗਲਹਿਰੀ ਨੂੰ ਤਕਲੀਫ਼ ਵਿੱਚ ਦੇਖਿਆ ਤਾਂ ਗਲਹਿਰੀ ਨੂੰ ਜਲਦੀ ਨਾਲ ਉਸਦੇ ਘਰ ਆਉਣ ਲਈ ਕਿਹਾ। ਗਲਹਿਰੀ ਮੀਂਹ ਕਾਰਨ ਬਹੁਤ ਕੰਬ ਰਹੀ ਸੀ। ਚੂਹੇ ਨੇ ਜਲਦੀ ਨਾਲ ਗਲਹਿਰੀ ਨੂੰ ਆਪਣੇ ਘਰ ਪਨਾਹ ਦਿੱਤੀ।

ਚੂਹੇ ਨੇ ਉਸ ਲਈ ਆਪਣੇ ਘਰ ਹੀ ਅੱਗ ਦਾ ਇੰਤਜ਼ਾਮ ਕੀਤਾ ਅਤੇ ਗਲਹਿਰੀ ਨੂੰ ਠੰਡ ਤੋਂ ਬਹੁਤ ਰਾਹਤ ਮਿਲੀ। ਫਿਰ ਚੂਹੇ ਨੇ ਖਾਣ ਲਈ ਭੋਜਨ ਵੀ ਗਲਹਿਰੀ ਨੂੰ ਦਿੱਤਾ। ਗਲਹਿਰੀ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ ਅਤੇ ਕਿਹਾ ''ਚੂਹੇ ਭਰਾ ! ਮੈਨੂੰ ਮਾਫ਼ ਕਰ ਦੇ ਮੈਂ ਜੇਕਰ ਤੇਰੀ ਗੱਲ ਮੰਨ ਲੈਂਦੀ ਤਾਂ ਅੱਜ ਮੇਰਾ ਇਹ ਹਾਲ ਨਾ ਹੁੰਦਾ। ਚੂਹੇ ਨੇ ਕਿਹਾ ਭੈਣ ! ''ਮੁਸੀਬਤ ਵੇਲੇ ਜੋ ਦੋਸਤ ਕੰਮ ਨਾ ਆਵੇ ਤਾਂ ਉਸ ਦੋਸਤ ਦਾ ਕੀ ਫਾਇਦਾ। ਜਿੰਨੀ ਦੇਰ ਮੀਂਹ ਨਹੀਂ ਰੁਕ ਜਾਂਦਾ ਤੂੰ ਇੱਥੇ ਰਹਿ ਸਕਦੀ ਹੈਂ। ਇਹ ਹੁਣ ਤੇਰਾ ਹੀ ਘਰ ਹੈ।''

ਗਲਹਿਰੀ ਆਪਣੇ ਆਪ ਤੇ ਸ਼ਰਮ ਮਹਿਸੂਸ ਕਰ ਰਹੀ ਸੀ। ਉਸਨੇ ਚੂਹੇ ਦਾ ਬਹੁਤ ਧੰਨਵਾਦ ਕੀਤਾ ਕਿ ਜੇਕਰ ਅੱਜ ਤੁਸੀਂ ਮੈਨੂੰ ਅਪਣੇ ਘਰ ਪਨਾਹ ਨਾ ਦਿੰਦੇ ਤਾਂ ਸ਼ਾਇਦ ਅੱਜ ਮੈਂ ਜਿੰਦਾ ਨਾ ਹੁੰਦੀ। ਉਸ ਨੇ ਚੂਹੇ ਨੂੰ ਕਿਹਾ ਕਿ ਮੈਂ ਅੱਗੇ ਤੋਂ ਆਪਣਾ ਕੰਮ ਸਮੇਂ ਅਨੁਸਾਰ ਹੀ ਕਰਾਂਗੀ। ਕਈ ਦਿਨ ਮੀਂਹ ਪੈਂਦਾ ਰਿਹਾ। ਜਦੋਂ ਮੀਂਹ ਰੁਕ ਗਿਆ ਤਾਂ ਗਲਹਿਰੀ ਨੇ ਅਪਣਾ ਘਰ ਬਣਾ ਲਿਆ।

ਸੋ ਪਿਆਰੇ ਬੱਚਿਓ ! ਤੁਸੀਂ ਵੀ ਆਪਣਾ ਕੰਮ ਸਮੇਂ ਸਿਰ ਹੀ ਕਰਨਾ ਹੈ ਅਤੇ ਮੁਸੀਬਤ ਵੇਲੇ ਸਭ ਦੀ ਮਦਦ ਵੀ ਕਰਨੀ ਹੈ।



# ਕਦੇ ਨਾ ਭੁੱਲੋ

- ਨਿਰੰਕਾਰ-ਪ੍ਰਭੂ ਦਾ ਅਹਿਸਾਸ ਕਰਦੇ ਹੋਏ ਹੀ ਸਾਨੂੰ ਤਨ-ਮਨ-ਧਨ ਦੀ ਸੇਵਾ ਕਰਨੀ ਚਾਹੀਦੀ ਹੈ। (ਸਤਿਗੁਰੂ ਮਾਤਾ ਸੁਦਿਕਸ਼ਾ ਜੀ ਮਹਾਰਾਜ)
- ਨਿਰੰਕਾਰ-ਪ੍ਰਭੂ ਨੂੰ ਜਾਣ ਕੇ ਹੀ ਵਿਸ਼ਵਸ਼ਾਂਤੀ ਸੰਭਵ ਹੈ।
- ਮਹਾਂਪੁਰਸ਼ਾਂ ਨੂੰ ਕੋਈ ਵੀ ਅਹੁਦਾ ਮਿਲਣ ਤੇ ਦਾਸ ਭਾਵਨਾ ਰੱਖਣੀ ਬਹੁਤ ਜ਼ਰੂਰੀ ਹੈ।

(ਬਾਬਾ ਗੁਰਬਚਨ ਸਿੰਘ ਜੀ)

- ਨਿਮਰਤਾ ਅਤੇ ਮਿੱਠੀ ਬੋਲੀ ਸੱਚੇ ਮਨੁੱਖ ਦੇ ਗਹਿਣੇ ਹੁੰਦੇ ਹਨ।
- ਕਿਸੇ ਨਾ ਕਿਸੇ ਕੰਮ ਵਿੱਚ ਰੁਝੇ ਰਹਿਣ ਵਾਲਾ ਵਿਅਕਤੀ ਕਦੇ ਦੁੱਖੀ ਨਹੀਂ ਹੁੰਦਾ।

(ਰਬਿੰਦਰਨਾਥ ਟੈਗੋਰ)

- ਸਹਿਨਸ਼ੀਲਤਾ ਅਤੇ ਮਾਫ਼ ਕਰਨਾ ਆਦਮੀ ਦਾ ਸਭ ਤੋਂ ਵੱਡਾ ਗੁਣ ਹੈ।

(ਈਸਾ ਮਸੀਹ)

- ਗੁਲਾਬ ਦੇ ਫੁੱਲ ਨੂੰ ਕੋਈ ਵੀ ਨਾਮ ਦੇ ਦਿਓ ਉਸ ਦੀ ਸੁਗੰਧ ਵਿੱਚ ਤਬਦੀਲੀ ਨਹੀਂ ਆਵੇਗੀ।

(ਸੁਆਮੀ ਵਿਵੇਕਾਨੰਦ)

- ਧਰਮ ਸੇਵਾ ਦਾ ਨਾਮ ਹੈ, ਕਤਲ ਦਾ ਨਹੀਂ।

(ਪ੍ਰੇਮ ਚੰਦ)

- ਆਪਣੀਆਂ ਲੋੜਾਂ ਨੂੰ ਸੀਮਿਤ ਰੱਖਣ ਵਾਲਾ ਸਦਾ ਸੁਖੀ ਰਹਿੰਦਾ ਹੈ।

(ਸ਼ੈਕਸਪੀਅਰ)

- ਜੋ ਕੰਮ ਸ਼ਾਂਤੀ ਨਾਲ ਬਣਦੇ ਹਨ, ਉਹ ਕ੍ਰੋਧ ਨਾਲ ਕਦੇ ਨਹੀਂ ਬਣ ਸਕਦੇ।

(ਭਗਵਦ ਗੀਤਾ)

- ਸਭ ਤੋਂ ਵੱਡੀ ਮੂਰਖਤਾ ਹੈ ਆਪਣੀ ਤੰਦਰੁਸਤੀ ਨੂੰ ਬੇਕਾਰ ਕੰਮ ਲਈ ਬਰਬਾਦ ਕਰਨਾ।

(ਸ਼ੈਪਿਨ ਹਾਵਿਰ)

- ਜੋ ਗੁਰੂਆਂ-ਪੀਰਾਂ ਅਤੇ ਮਾਤਾ-ਪਿਤਾ ਨੂੰ ਨਮਸਕਾਰ ਕਰਦੇ ਹਨ ਉਹ ਹਰ ਮੁਸ਼ਕਿਲ ਨੂੰ ਪਾਰ ਕਰ ਜਾਂਦੇ ਹਨ। (ਵੇਦ ਵਿਆਸ)
- ਮੁਸੀਬਤ ਨੂੰ ਹੌਸਲੇ ਨਾਲ ਬਰਦਾਸ਼ਤ ਕਰੋ। ਇਸ ਤੋਂ ਘਬਰਾਉਣ ਨਾਲ ਆਪਣੇ ਹੋਰ ਕੰਮ ਵੀ ਵਿਗੜਦੇ ਹਨ। (ਲਾਲਾ ਲਾਜਪਤ ਰਾਇ)
- ਜੋ ਨੁਕਸਾਨ ਹੋ ਚੁੱਕਾ ਹੈ ਉਸ ਵਾਸਤੇ ਸੋਗ ਮਨਾਉਣ ਦਾ ਅਰਥ ਹੈ ਹੋਰ ਨੁਕਸਾਨ ਨੂੰ ਬੁਲਾਉਣਾ।
- ਜੇਕਰ ਕੁਝ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਆਪਣੇ ਆਪ ਨੂੰ ਅਰਪਣ ਕਰੋ।

(ਸੁਭਾਸ਼ ਚੰਦਰ ਬੋਸ)

❑ ਸੰਗ੍ਰਹਿ ਕਰਤਾ : ਡਿੰਪਲਜੀਤ ਰੰਧਾਵਾ

❑ ਬਲਵਿੰਦਰ 'ਬਾਲਮ'

# ਵੇਖੋ ਤਿਤਲੀ ਉਡੱਦੀ ਜਾਏ



ਗੁਲਸ਼ਨ ਵਿੱਚ ਫੁੱਲਾਂ ਤੇ ਜਾ ਕੇ।
ਨਰਮ ਮੁਲਾਇਮ ਅੰਕੁਰ ਪਾ ਕੇ।
ਵੱਖ-ਵੱਖ ਰੰਗਾਂ ਵਿੱਚ ਸ਼ਰਮਾਏ।
ਵੇਖੋ ਤਿਤਲੀ ਉਡੱਦੀ ਜਾਏ।

ਇਸ ਵਿੱਚ ਖੁਸ਼ੀਆਂ ਦੇ ਪ੍ਰਤੀਕ।
ਗੰਢੇ ਦੀ ਛਿਲ ਤੋਂ ਬਾਰੀਕ।
ਇਸ ਕਰਕੇ ਨਾਜ਼ੁਕ ਕਹਿਲਾਏ।
ਵੇਖੋ ਤਿਤਲੀ ਉਡੱਦੀ ਜਾਏ।

ਵੱਖ-ਵੱਖ ਰੰਗ ਤੇ ਇਕ ਉਦੇਸ਼।
ਜਿੱਦਾਂ ਭਾਰਤ ਦਾ ਸੰਦੇਸ਼।
ਜਿਉਂ ਤਿਰੰਗਾ ਹੈ ਲਹਿਰਾਏ।
ਵੇਖੋ ਤਿਤਲੀ ਉਡੱਦੀ ਜਾਏ।

ਰੰਗਾਂ ਦੀ ਰਾਣੀ ਕਹਿਲਾਏ।
ਖੁਸ਼ਬੂਆਂ ਵਿੱਚ ਉਡੱਦੀ ਜਾਏ।
ਸਭ ਬੱਚਿਆਂ ਦੇ ਮਨ ਨੂੰ ਭਾਏ।
ਵੇਖੋ ਤਿਤਲੀ ਉਡੱਦੀ ਜਾਏ।

ਪਿਆਰ ਦੇਵੇ ਸਤਿਕਾਰ ਸਿਖਾਵੇ।
ਨਾ ਕਿਸੇ ਨੂੰ ਦੁੱਖ ਪਹੁੰਚਾਵੇ।
ਰੋਂਦੇ ਬੱਚੇ ਨੂੰ ਹਸਾਏ।
ਵੇਖੋ ਤਿਤਲੀ ਉਡੱਦੀ ਜਾਏ।

ਲਾਵੇ ਫੁੱਲਾਂ ਤਕ ਉਡਾਰੀ।
ਲੱਗਦੀ ਸੁੰਦਰ ਅਤੇ ਪਿਆਰੀ।
ਤੇਜ਼ ਹਵਾਵਾਂ ਤੋਂ ਘਬਰਾਏ।
ਵੇਖੋ ਤਿਤਲੀ ਉਡਦੀ ਜਾਏ।

ਸੁੰਦਰ ਪਲਕਾਂ ਇਸ ਤੋਂ ਬਣੀਆਂ।
ਇੰਦਰ ਧਨੁਸ਼ ਵਿੱਚ ਕਿਣਮਿਣ ਕਣੀਆਂ।
ਝੀਲ 'ਚ ਚੰਦਰਮਾ ਜਿਉਂ ਲਹਿਰਾਏ।
ਵੇਖੋ ਤਿਤਲੀ ਉਡਦੀ ਜਾਏ।

ਉਡਣ-ਖਟੋਲੇ ਇਸ ਦੇ ਜਾਏ।
ਇਸ ਤੋਂ ਖੋਜ ਤਰੱਕੀ ਪਾਏ।
'ਬਾਲਮ' ਰੰਗ ਵਿਗਿਆਨ ਬਣਾਏ।
ਵੇਖੋ ਤਿਤਲੀ ਉਡਦੀ ਜਾਏ।



❑ ਡਾ: ਪਰਸ਼ੁਰਾਮ

## ਇਕ ਰੋਚਕ ਸਮੁੰਦਰੀ ਜੀਵ :

# ਬਿੱਲੀ ਮੱਛੀ

ਬਿੱਲੀ ਮੱਛੀ ਮੁਖ ਰੂਪ ਨਾਲ ਤਾਜੇ ਪਾਣੀ ਦੀਆਂ ਨਦੀਆਂ ਅਤੇ ਝੀਲਾਂ ਦੀ ਮੱਛੀ ਹੈ। ਇਹ ਉੱਤਰੀ ਗੋਲਾਰਧ ਦੀਆਂ ਠੰਡੀਆਂ ਥਾਵਾਂ ਨੂੰ ਛੱਡ ਕੇ ਸਾਰੇ ਵਿਸ਼ਵ ਵਿੱਚ ਮਿਲ ਜਾਂਦੀ ਹੈ। ਇਸ ਦੇ 35 ਪਰਿਵਾਰਾਂ ਦੀਆਂ ਦੋ ਹਜ਼ਾਰ ਤੋਂ ਜ਼ਿਆਦਾ ਜਾਤੀਆਂ ਹੁੰਦੀਆਂ ਹਨ, ਜਿਨ੍ਹਾਂ ਵਿੱਚ ਕੁਝ ਨਦੀਆਂ ਅਤੇ ਕੁਝ ਸਾਗਰ ਵਿੱਚ ਵੀ ਪਾਈਆਂ ਜਾਂਦੀਆਂ ਹਨ। ਇਹ ਅਜਿਹੇ ਪਾਣੀ ਵਿੱਚ ਉਹਨਾਂ ਸਥਾਨਾਂ ਤੇ ਰਹਿਣਾ ਜ਼ਿਆਦਾ ਪਸੰਦ ਕਰਦੀਆਂ ਹਨ, ਜਿਥੇ ਬਹੁਤ ਜ਼ਿਆਦਾ ਪਾਣੀ ਵਾਲੇ ਪੌਦੇ ਹੋਣ। ਇਸ ਦੇ ਮੂੰਹ ਤੇ ਬਿੱਲੀ ਦੀ ਤਰ੍ਹਾਂ ਤਿੰਨ ਜੋੜੇ ਮੁੱਛਾਂ ਹੁੰਦੀਆਂ ਹਨ। ਇਸ ਲਈ ਇਹਨੂੰ ਬਿੱਲੀ ਮੱਛੀ ਕਹਿੰਦੇ ਹਨ। ਬਿੱਲੀ ਮੱਛੀ ਦਿਨ ਦੇ ਸਮੇਂ ਪਾਣੀ ਦੀ ਤਲਹਟੀ ਵਿੱਚ ਪਈ ਰਹਿੰਦੀ ਹੈ, ਇਸ ਲਈ ਦਿਖਾਈ ਨਹੀਂ ਦਿੰਦੀ। ਰਾਤ ਦੇ ਸਮੇਂ ਇਹ ਪਾਣੀ ਦੀ ਸਤ੍ਹਾ ਦੇ ਉਪਰ ਆ ਜਾਂਦੀ ਹੈ।

ਯੂਰਪ ਦੀ ਬਿੱਲੀ ਮੱਛੀ ਨੂੰ ਸਿਲਯੂਰਸ, ਸ਼ੀਟਫਿਸ਼ ਅਤੇ ਵੇਲਸ ਆਦਿ ਨਾਵਾਂ ਨਾਲ ਪੁਕਾਰਦੇ ਹਨ। ਇਹ ਵਿਸ਼ਵ ਦੀ ਸਭ ਤੋਂ ਵੱਡੀ ਬਿੱਲੀ ਮੱਛੀ ਹੈ। ਇਸ ਦੀ ਲੰਬਾਈ 2.75 ਮੀਟਰ ਹੁੰਦੀ ਹੈ। ਇਸ ਦੀਆਂ ਇਕ ਤੋਂ ਜ਼ਿਆਦਾ ਪੂਛਾਂ ਹੁੰਦੀਆਂ ਹਨ ਅਤੇ ਇਹਨਾਂ ਨੂੰ ਇਹ ਆਪਣੀ ਇੱਛਾ ਨਾਲ ਹਿਲਾ-ਜੁਲਾ ਵੀ ਸਕਦੀ ਹੈ।

ਅਫਰੀਕਾ ਦੇ ਟਰੋਪੀਕਲ ਹਿੱਸਿਆਂ ਵਿੱਚ ਇਕ ਅਦਭੁਤ ਬਿੱਲੀ ਮੱਛੀ ਮਿਲਦੀ ਹੈ। ਇਹਨੂੰ ਉਲਟੀ ਬਿੱਲੀ ਮੱਛੀ ਕਹਿੰਦੇ ਹਨ। ਇਹ ਆਮ ਰੂਪ ਨਾਲ ਤੈਰਦੇ ਹੋਏ ਅਚਾਨਕ ਮੁੜ ਜਾਂਦੀ ਹੈ ਅਤੇ ਉਲਟੀ ਹੋ ਕੇ ਤੈਰਨ ਲੱਗਦੀ ਹੈ। ਇਸੇ ਤਰ੍ਹਾਂ ਲਿਯੋ ਕੈਸਿਸ ਸਪਈਮੇਨਸਿਸ ਅਤੇ ਲਿਯੋ ਕੈਸਿਸ ਪੀਸਿਲੋਪਟਿਯਸ ਨਾਮਕ ਬਿੱਲੀ ਮੱਛੀਆਂ ਤਾਂ ਤੈਰਦੀਆਂ ਤਾਂ ਸਿੱਧੀਆਂ ਹਨ ਪਰ ਇਹ ਪਾਣੀ ਵਿੱਚ ਖੜੇ-ਖੜੇ ਆਰਾਮ ਕਰਦੀਆਂ ਹਨ। ਅਫਰੀਕਾ ਦੇ ਕੁਝ ਹਿੱਸਿਆਂ ਵਿੱਚ ਬਿਜਲੀ ਪੈਦਾ ਕਰਨ ਵਾਲੀ ਇੱਲ ਮੱਛੀ ਦੇ ਵਾਂਗ ਬਿਜਲੀ ਬਿੱਲੀ ਮੱਛੀ ਵੀ ਮਿਲ ਜਾਂਦੀ ਹੈ। ਇਹ ਇਕ ਖਤਰਨਾਕ ਮੱਛੀ ਹੈ।

ਦੱਖਣੀ ਅਫਰੀਕਾ ਦੀ ਏਕੇਨਥੋਡੋਰਾਸ ਸਪਾਈਲੋਸੀਸਿਮਸ ਨਾਮਕ ਬਿੱਲੀ ਮੱਛੀ ਬੜੀ ਸੁਸਤ ਅਤੇ ਆਲਸੀ ਹੁੰਦੀ ਹੈ। ਇਹ ਦਿਨ ਭਰ ਪਾਣੀ ਦੀ ਤਲਹਟੀ ਵਿੱਚ ਰੇਤ ਦੇ ਅੰਦਰ ਦੱਬੀ ਪਈ ਰਹਿੰਦੀ ਹੈ। ਇਸ ਸਮੇਂ ਇਸਦਾ ਕੇਵਲ ਸਿਰ ਬਾਹਰ ਰਹਿੰਦਾ ਹੈ। ਇਸ ਬਿੱਲੀ ਮੱਛੀ ਨੂੰ ਦਿਨ ਦੇ ਸਮੇਂ ਅਗਰ ਪਾਣੀ ਦੇ ਬਾਹਰ ਕੱਢਿਆ ਜਾਏ ਤਾਂ ਇਹ ਸੂਰ ਦੀ ਤਰ੍ਹਾਂ ਗੁਰਰਾਨੇ ਦੀ ਆਵਾਜ਼ ਕੱਢਦੀ ਹੈ।

ਭਾਰਤ ਅਤੇ ਬਰਮਾ ਵਿੱਚ ਟੇਂਗਾਰਾ ਅਤੇ ਚਾਕਾਚਾਮਾ ਨਾਮਕ ਦੋ ਬਿੱਲੀ ਮੱਛੀਆਂ ਮਿਲ ਜਾਂਦੀਆਂ ਹਨ। ਇਹਨਾਂ ਵਿੱਚ ਟੇਂਗਾਰਾ ਬਹੁਤ ਹੀ ਸੁੰਦਰ ਮੱਛੀ ਹੈ। ਇਸ ਦੇ ਸਰੀਰ ਦਾ ਰੰਗ ਹਰਾ-ਪੀਲਾ ਹੁੰਦਾ ਹੈ ਅਤੇ ਪਿੱਠ ਕਥਈ ਹੁੰਦੀ ਹੈ। ਦੂਸਰੀ ਬਿੱਲੀ ਮੱਛੀ ਚਾਕਾਚਾਮਾ ਦੀ ਲੰਬਾਈ 20 ਸੈਂਟੀਮੀਟਰ ਅਤੇ ਸਰੀਰ ਤੇ ਕਥਈ ਰੰਗ ਦੇ ਧੱਬੇ ਹੁੰਦੇ ਹਨ। ਚਾਕਾਚਾਮਾ ਦਾ ਸਰੀਰ ਬਹੁਤ ਚਪਟਾ ਅਤੇ ਸਿਰ ਮੋਟਾ ਹੁੰਦਾ ਹੈ। ਇਸ ਵਿੱਚ ਬਹੁਤ ਚੰਗਾ ਕਾਮਾਫਲਾਸ ਹੁੰਦਾ ਹੈ। ਚਾਕਾਚਾਮਾ ਨੂੰ ਆਪਣੇ ਕਾਮਾਫਲਾਸ ਤੇ ਐਨਾ ਜ਼ਿਆਦਾ ਵਿਸ਼ਵਾਸ਼ ਹੁੰਦਾ ਹੈ ਕਿ ਛੂਹਣ ਤੇ ਇਹ ਪੱਥਰ ਦੀ ਤਰ੍ਹਾਂ ਪਈ ਰਹਿੰਦੀ ਹੈ।


ਬਿੱਲੀ ਮੱਛੀ ਦਾ ਪ੍ਰਮੁੱਖ ਭੋਜਨ ਛੋਟੇ-ਛੋਟੇ ਕੀੜੇ-ਮਕੌੜੇ, ਡੱਡੂ, ਅਤੇ ਮੱਛੀਆਂ ਹਨ। ਇਹ ਦਿਨ ਦੇ ਸਮੇਂ ਪਾਣੀ ਵਿੱਚ ਪਈਆਂ ਰਹਿੰਦੀਆਂ ਹਨ ਅਤੇ ਆਪਣੀਆਂ ਮੁੱਛਾਂ ਨਾਲ ਜ਼ਮੀਨ ਖੋਦ-ਖੋਦ ਕੇ ਛੋਟੇ-ਛੋਟੇ ਅਰੀੜਧਾਰੀ ਜੀਵ ਖਾਂਦੀਆਂ ਹਨ ਅਤੇ ਰਾਤ ਨੂੰ ਸ਼ਿਕਾਰ ਦੀ ਭਾਲ

ਵਿੱਚ ਨਿਕਲਦੀਆਂ ਹਨ। ਯੂਰਪ ਦੀ ਵੇਲਸ ਕੇਟ ਫਿਸ਼ ਅਤੇ ਇਸੀ ਤਰ੍ਹਾਂ ਦੀਆਂ ਕੁਝ ਵੱਡੀਆਂ ਬਿੱਲੀ ਮੱਛੀਆਂ ਛੋਟੇ-ਛੋਟੇ ਪੰਛੀਆਂ ਅਤੇ ਥਣਧਾਰੀ ਜੀਵਾਂ ਦਾ ਸ਼ਿਕਾਰ ਕਰਦੀਆਂ ਹਨ। ਵੇਲਸ ਬਿੱਲੀ ਮੱਛੀ ਬੜੀ ਪੇਟੂ ਹੁੰਦੀ ਹੈ। ਇਹ ਇਕ ਖਤਰਨਾਕ ਬਿੱਲੀ ਮੱਛੀ ਹੈ ਅਤੇ ਭੇਡ, ਬੱਕਰੀ ਅਤੇ ਮਾਨਵ ਦੇ ਬੱਚੇ ਤਕ ਖਾ ਜਾਂਦੀ ਹੈ। ਸੋਲਹਵੀਂ ਸਦੀ ਦੇ ਪ੍ਰਸਿੱਧ ਲੇਖਕ ਜੇਸਨਰ ਨੇ ਇਕ ਅਜਿਹੀ ਵੇਲਸ ਮੱਛੀ ਦਾ ਵੇਰਵਾ ਦਿੱਤਾ ਹੈ, ਜਿਸ ਦੇ ਪੇਟ ਵਿੱਚ ਇਕ ਬਾਲਕ ਮਾਨਵ ਦਾ ਸਿਰ ਅਤੇ ਸੋਨੇ ਦੀਆਂ ਅੰਗੂਠੀਆਂ ਵਾਲਾ ਹੱਥ ਮਿਲਿਆ ਸੀ।

ਬਿੱਲੀ ਮੱਛੀ ਦੀਆਂ ਕੁਝ ਜਾਤੀਆਂ ਦੇ ਚੂਸਣ ਵਾਲੇ ਮੂੰਹ ਹੁੰਦੇ ਹਨ। ਇਹ ਹਮੇਸ਼ਾਂ ਪਹਾੜੀ ਖੇਤਰਾਂ ਵਿੱਚ ਵਹਿਣ ਵਾਲੀਆਂ ਨਦੀਆਂ ਵਿੱਚ ਚਟਾਨਾਂ ਨੂੰ ਫੜ ਕੇ ਲਟਕੀਆਂ ਰਹਿੰਦੀਆਂ ਹਨ ਅਤੇ ਕਾਈ ਖਾਂਦੀਆਂ ਹਨ। ਇਸ ਪ੍ਰਕਾਰ ਬਿੱਲੀ ਮੱਛੀਆਂ ਏਕਵੇਰੀਅਮ ਲਈ ਬੜੀਆਂ ਉਪਯੋਗੀ ਹੁੰਦੀਆਂ ਹਨ। ਇਹ ਏਕਵੇਰੀਅਮ ਦੀ ਸਾਰੀ ਕਾਈ ਸਾਫ ਕਰ ਦਿੰਦੀਆਂ ਹਨ ਜਿਸ ਨਾਲ ਇਸ ਵਿੱਚ ਗੰਦਗੀ ਇੱਕਠੀ ਨਹੀਂ ਹੋ ਸਕਦੀ।

ਬਿੱਲੀ ਮੱਛੀ ਦਾ ਪ੍ਰਜਨਨਕਾਲ ਮਈ ਤੋਂ ਸ਼ੁਰੂ ਹੁੰਦਾ ਹੈ ਅਤੇ ਜੂਨ ਤਕ ਚਲਦਾ ਹੈ। ਇਸ ਕਾਲ ਵਿੱਚ ਨਰ ਅਤੇ ਮਾਦਾ ਉਤਲੇ ਪਾਣੀ ਵਿੱਚ ਆ ਜਾਂਦੇ ਹਨ ਅਤੇ ਆਪਣੀ ਪੂਛ ਦੀ ਸਹਾਇਤਾ ਨਾਲ ਮਿੱਟੀ ਵਿੱਚ ਇਕ ਖੱਡਾ ਤਿਆਰ ਕਰਦੇ ਹਨ। ਇਸੇ ਖੱਡੇ ਵਿੱਚ ਇਕ ਵੱਡੀ ਮਾਦਾ ਇਕ ਲੱਖ ਤਕ ਆਂਡੇ ਦੇ ਸਕਦੀ ਹੈ। ਆਂਡੇ ਦੇਣ ਦੇ ਬਾਦ ਮਾਦਾ ਬਿੱਲੀ ਮੱਛੀ ਆਜ਼ਾਦ ਹੋ ਜਾਂਦੀ ਹੈ ਅਤੇ ਨਰ ਆਂਡਿਆਂ ਦੀ ਰੱਖਿਆ ਕਰਦਾ ਹੈ। ਕੁਝ ਜਾਤੀਆਂ ਦੇ ਨਰ ਅਤੇ ਮਾਦਾ ਦੋਨੋਂ ਮਿਲ ਕੇ ਆਂਡਿਆਂ ਦੀ ਰੱਖਿਆ ਕਰਦੇ ਹਨ।

ਬਿੱਲੀ ਮੱਛੀ ਦੀ ਇਕ ਖਾਸ ਜਾਤੀ ਮਿਲਦੀ ਹੈ ਏਸਪ੍ਰੀਡੀਨਿਕਥਿਸ ਟਿਬਿਕੇਨ। ਇਸ ਦੀ ਪੂਛ ਅਸਧਾਰਣ ਰੂਪ ਨਾਲ ਲੰਮੀ ਹੁੰਦੀ ਹੈ। ਕਦੇ-ਕਦੇ ਤਾਂ ਇਸ ਦੀ ਪੂਛ ਇਸ ਦੇ ਸਰੀਰ ਤੋਂ ਤਿੰਨ ਗੁਣਾਂ ਤਕ ਲੰਮੀ ਵੇਖੀ ਗਈ ਹੈ। ਪ੍ਰਜਨਨ ਕਾਲ ਵਿੱਚ ਮਾਦਾ ਬਿੱਲੀ ਮੱਛੀ ਦੇ ਸਰੀਰ ਤੇ ਟੇਂਟਕਿਲਸ ਦੀ ਤਰ੍ਹਾਂ ਪੇਚ ਉਭਰ ਜਾਂਦੇ ਹਨ। ਇਸ ਦੇ ਆਂਡੇ ਇਹਨਾਂ ਪੇਚਾਂ ਤੇ ਲਟਕੇ ਰਹਿੰਦੇ ਹਨ। ਕੈਲਿਕਥਿਸ ਨਾਮਕ 16 ਸੈਂਟੀਮੀਟਰ ਲੰਮੀਆਂ ਬਿੱਲੀ ਮੱਛੀਆਂ ਪੱਤਿਆਂ ਦੇ ਹੇਠਾਂ ਆਲ੍ਹਣਾ ਤਿਆਰ ਕਰਦੀਆਂ ਹਨ ਅਤੇ ਇਸੇ ਵਿੱਚ ਆਂਡੇ ਦਿੰਦੀਆਂ ਹਨ । ਇਸ ਵਿੱਚ ਹਮੇਸ਼ਾਂ ਨਰ ਆਂਡਿਆਂ ਦੀ ਸੁਰੱਖਿਆ ਕਰਦਾ ਹੈ। ਇਸ ਕਾਲ ਵਿੱਚ ਇਹਨੂੰ ਪ੍ਰੇਸ਼ਾਨ ਕੀਤਾ ਜਾਏ ਤਾਂ ਇਹ ਸੂਰ ਵਾਂਗ ਆਵਾਜ਼ ਕੱਢਦਾ ਹੈ। ਇਸ ਦੇ ਨਵਜਾਤ ਬੱਚੇ ਟੇਡਪੋਲ ਵਰਗੇ ਹੁੰਦੇ ਹਨ ਅਤੇ ਇਹਨਾਂ ਦਾ ਰੰਗ ਕਾਲਾ ਹੁੰਦਾ ਹੈ।



ਸਾਗਰ ਵਿੱਚ ਮਿਲਣ ਵਾਲੀ ਏਰਿਡਾਈ ਪਰਿਵਾਰ ਦੀਆਂ ਬਿੱਲੀ ਮੱਛੀਆਂ ਦੇ ਆਂਡੇ ਬਹੁਤ ਵੱਡੇ ਆਕਾਰ ਦੇ ਹੁੰਦੇ ਹਨ। ਕੁਝ ਜਾਤੀਆਂ ਦੀ ਮਾਦਾ ਬਿੱਲੀ ਮੱਛੀਆਂ ਦੇ ਆਂਡਿਆਂ ਦਾ ਆਕਾਰ ਤਾਂ ਢਾਈ ਸੈਂਟੀਮੀਟਰ ਤਕ ਹੁੰਦਾ ਹੈ। ਇਹਨਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹਨਾਂ ਵਿੱਚ ਨਰ ਹਮੇਸ਼ਾਂ ਆਪਣੇ ਮੂੰਹ ਵਿੱਚ ਆਂਡੇ ਸੇਕਦਾ ਹੈ। ਇਕ ਮਹੀਨੇ ਵਿੱਚ ਆਂਡਿਆਂ ਵਿਚੋਂ ਬੱਚੇ ਨਿਕਲਦੇ ਹਨ। ਇਸ ਕਾਲ ਵਿੱਚ ਇਹ ਪੂਰਾ ਸਮਾਂ ਕੁਝ ਨਹੀਂ ਖਾਂਦਾ। ਆਂਡਿਆਂ ਵਿਚੋਂ ਬੱਚੇ ਨਿਕਲਣ ਦੇ ਬਾਦ ਵੀ ਇਹ ਉਹਨਾਂ ਦੀ ਸੁਰੱਖਿਆ ਕਰਦਾ ਹੈ ਅਤੇ ਖਤਰਾ ਨੇੜੇ ਹੋਣ ਤੇ ਆਪਣੇ ਬੱਚਿਆਂ ਨੂੰ ਫਿਰ ਮੂੰਹ ਵਿੱਚ ਭਰ ਲੈਂਦਾ ਹੈ।

ਬਿੱਲੀ ਮੱਛੀ ਇਕ ਦਿਲਚਸਪ ਪਾਣੀ ਵਾਲਾ ਜੀਵ ਹੈ। ਇਸ ਦੀਆਂ ਬਹੁਤ ਸਾਰੀਆਂ ਜਾਤੀਆਂ ਤੇ ਖੋਜ ਕੀਤੀ ਜਾ ਰਹੀ ਹੈ ਅਤੇ ਉਮੀਦ ਕੀਤੀ ਜਾ ਰਹੀ ਹੈ ਕਿ ਛੇਤੀ ਹੀ ਇਹਨਾਂ ਦੇ ਸਬੰਧ ਵਿੱਚ ਹੋਰ ਵੀ ਦਿਲਚਸਪ ਅਤੇ ਅਨੋਖੇ ਤੱਤ ਪ੍ਰਾਪਤ ਹੋਣਗੇ।



# ਦਾਦਾ ਜੀ

ਚਿੱਤਰਕਾਰ ਅਤੇ ਲੇਖਕ - ਅਜੈ ਕਾਲੜਾ








ਬੱਕਰੀ ਨੇ ਜਦ ਗੋਲੂ ਘਰ ਵਿੱਚ ਨਹੀ ਵੇਖਿਆ ਤਾਂ ਉਹ ਪ੍ਰੇਸ਼ਾਨ ਹੋ ਗਈ। ਉਹ ਫਟਾਫਟ ਜੰਗਲ ਵੱਲ ਭੱਜੀ। ਉਹਨੂੰ ਡਰ ਸੀ ਕਿ ਗੋਲੂ ਕਿਤੇ ਘਣੇ ਜੰਗਲਾਂ ਵਿੱਚ ਨਾ ਚਲਾ ਜਾਏ। ਉਥੇ ਤਾਂ ਹਰ ਵਕਤ ਹੀ ਜੰਗਲੀ ਜਾਨਵਰ ਸ਼ਿਕਾਰ ਦੀ ਭਾਲ ਵਿੱਚ ਰਹਿੰਦੇ ਹਨ।


ਬੱਕਰੀ ਥੋੜਾ ਹੀ ਅਗੇ ਗਈ ਤਾਂ ਵੇਖਿਆ ਕਿ ਗੋਲੂ ਰੁੱਖਾਂ ਦੇ ਝੁੰਡ ਵਿੱਚ ਲੁਕਿਆ ਹੋਇਆ ਸੀ। ਆਪਣੀ ਮਾਂ ਨੂੰ ਉਥੇ ਵੇਖ ਕੇ ਉਹ ਖੁਸ਼ੀ ਨਾਲ ਉਛਲਣ ਲੱਗਾ।
ਮਾਂ, ਮਾਂ, ਤੂੰ ਮੈਨੂੰ ਲੱਭ ਲਿਆ।


ਗੋਲੂ ਤੈਨੂੰ ਕਿੰਨੀ ਵਾਰ ਮਨ੍ਹਾ ਕੀਤਾ ਹੈ, ਇਸ ਤਰ੍ਹਾਂ ਆਉਣ ਤੋਂ।


ਤੂੰ ਸਮਝਦਾ ਕਿਉਂ ਨਹੀਂ ਹੈ? ਕਿਸੇ ਦਿਨ ਤੂੰ ਖੁਦ ਵੀ ਮੁਸੀਬਤ ਵਿੱਚ ਫਸੇਗਾ ਅਤੇ ਮੈਨੂੰ ਵੀ ਫਸਾ ਦਏਗਾ।
ਲੇਕਿਨ ਸ਼ਰਾਰਤੀ ਗੋਲੂ ਨੂੰ ਚੈਨ ਕਿਥੇ ਸੀ? ਅਗਲੇ ਦਿਨ ਉਹ ਫਿਰ ਮਾਂ ਤੋਂ ਨਜ਼ਰ ਬਚਾ ਕੇ ਘਣੇ ਜੰਗਲ ਵੱਲ ਚਲ ਪਿਆ।
ਉਸ ਨੇ ਜਿਉਂ ਹੀ ਜੰਗਲ ਵਿੱਚ ਪ੍ਰਵੇਸ਼ ਕੀਤਾ ਤਿਉਂ ਹੀ ਇਕ ਭੇੜੀਏ ਦੀ ਨਜ਼ਰ ਉਸ ਤੇ ਪੈ ਗਈ। ਇੱਕਲੇ ਬੱਚੇ ਨੂੰ ਉਥੇ ਵੇਖ ਕੇ ਉਹ ਝਟਪਟ ਉਸ ਦੇ ਕੋਲ ਪਹੁੰਚ ਗਿਆ।


ਭੇੜੀਏ ਨੂੰ ਇੰਝ ਅਚਾਨਕ ਸਾਹਮਣੇ ਵੇਖ ਕੇ ਗੋਲੂ ਘਬਰਾ ਗਿਆ। ਉਹ ਮਦਦ ਲਈ ਚਿਲਾਉਣ ਲਗਾ ਲੇਕਿਨ ਭੇੜੀਆ ਉਸ ਤੇ ਝਪਟਣ ਦੀ ਪੂਰੀ ਤਿਆਰੀ ਕਰ ਚੁੱਕਾ ਸੀ।
ਪੁੱਤ੍ਰ, ਉਹ ਹਾਲਾਂ ਝਪਟਣ ਹੀ ਵਾਲਾ ਸੀ ਕਿ ਅਚਾਨਕ ਬੱਕਰੀ ਆਪਣੇ ਮਿੱਤਰਾਂ ਨਾਲ ਉਥੇ ਪਹੁੰਚ ਗਈ। ਇਕ ਸ਼ਿਕਾਰੀ ਕੁੱਤਾ ਵੀ ਉਸਦਾ ਮਿੱਤਰ ਸੀ। ਉਹ ਵੀ ਉਹਨਾਂ ਦੇ ਨਾਲ ਸੀ।
ਜਿਉਂ ਹੀ ਸ਼ਿਕਾਰੀ ਕੁੱਤਾ ਜੋਰ ਨਾਲ ਭੌਂਕਿਆਂ, ਭੇੜੀਆ ਡਰ ਗਿਆ ਅਤੇ ਉਥੋਂ ਭੱਜ ਖੜਾ ਹੋਇਆ ਅਤੇ ਗੋਲੂ ਬਚ ਗਿਆ।
ਬੱਚਿਉ! ਸਾਨੂੰ ਹਮੇਸ਼ਾਂ ਆਪਣੇ ਮਾਤਾ-ਪਿਤਾ ਦਾ ਕਹਿਣਾ ਮੰਨਣਾ ਚਾਹੀਦਾ ਹੈ ਕਿਉਂਕਿ ਉਹ ਹੀ ਸਾਡਾ ਸਹੀ ਮਾਰਗਦਰਸ਼ਨ ਕਰ ਸਕਦੇ ਹਨ।

# ਬੁੱਧੀ ਦੀ ਪਰਖ

ਦੋਹਾਂ ਚਿਤੱਰਾਂ ਵਿਚੋਂ
10 ਅੰਤਰ ਲੱਭੋ!








Video & Audio Webcasts on www.nirankari.org - Every month

SANT NIRANKARI MISSION

Registered with the
Registrar of Newspaper
For India Under RNI No. 32345/77 : Delhi Postal Regd. No. G-3/DL (N)/137/2018-20
: Licence No. U (DN)-60/2018-20
: Licenced to post without Pre-payment




# ਨਿਰੰਕਾਰੀ ਪਤ੍ਰ-ਪਤ੍ਰਕਾਵਾਂ ਪੜ੍ਹੋ ਅਤੇ ਪੜ੍ਹਾਉ !

| ਸੰਤ ਨਿਰੰਕਾਰੀ | ਏਕ ਨਜ਼ਰ | ਹੰਸਤੀ ਦੁਨੀਆ |
|---|---|---|
| (ਗਿਆਰਾਂ ਭਾਸ਼ਾਵਾਂ ਵਿਚ) | (ਤਿੰਨ ਭਾਸ਼ਾਵਾਂ ਵਿਚ) | (ਚਾਰ ਭਾਸ਼ਾਵਾਂ ਵਿੱਚ) |

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ (ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ) ਅਤੇ
'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ-
ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ
PH. 011–47660200, E-mail : patrika@nirankari.org

## ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ) ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ

**Sant Nirankari Satsang Bhawan**
**1st Floor, 50, Morbag Road, Naigaon, Dadar (E) MUMBAI-400 014 (Mah.)**
e-mail : chandunirankari@yahoo.com & marathi@nirankari.org

## ਹੋਰ ਭਾਸ਼ਾਵਾਂ ਦੀਆਂ ਪਤ੍ਰਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ

**TAMIL**
Sant Nirankari Satsang Bhawan, #7, Govindan Street, Ayavoo Naidu Colony, Aminji Karai, CHENNAI-600 029 (T.N.)
Ph. 04423740830

**ORIYA**
Sant Nirankari Satsang Bhawan, Kazidiha, Post Madhupatna, CUTTACK-753 010 (Orissa)
Ph. 0671-2341250

**TELUGU**
Sant Nirankari Satsang Bhawan, No. 6-2-970, Khairtabad, HYDERABAD-Pin : 500 029
Ph. 0104-23317879

**GUJRATI**
Sant Nirankari Satsang Bhawan, 1st Floor, 50, Morbag Road, Naigaon, Dadar (E) MUMBAI–400 014 (Mah.)
Ph. 22-24102047

**KANNADA**
Sant Nirankari Satsang Bhawan, 88, Rattanvillas Road, Southend Circle, Basavangudi, BENGALURU-560 004 (Karnataka)
Ph. 080-26577212

**BANGLA**
Sant Nirankari Satsang Bhawan, 884 G.T. Road, Laxmipur-2 East Bardhman—713101
Ph. 0342-2657219

ਪਤ੍ਰ-ਪਤ੍ਰਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ
ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।

Posted at NDPSO Prescribed dates 23rd & 24th. Date of Publication: 17th & 18th (Advance Month)